੧ੴ ਵਾਹਿਗੁਰੂ ਜੀ ਕੀ ਫਤਹ।।

ਪਦਮ ਭੂਸ਼ਨ

## ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਕਰਤਾ ਰਾਣਾ ਸੂਰਤ ਸਿੰਘ ਲਿੱਖਤ

# ਲਹਿਰਾਂ ਦੇ ਹਾਰ

ਜਿਸ ਵਿਚ

ਤ੍ਰੇਲ ਤੁਪਕੇ, ਜੀਵਨ ਕੀ ਹੈ ?,
ਦਿਲ ਤਰੰਗ, ਬੁਲਬੁਲ ਤੇ ਰਾਹੀ, ਪੁਸ਼ਪਾਵਤੀ ਚੰਦ੍ਰਾਵਤ, ਬਿਸਮਿਲ ਮੋਰ,
ਢੂੰਡਿਆ ਤੋਤਾ ਤੇ ਗੁਦਾਵਰੀ ਗੀਤ ਸੰਕਲਿਤ ਹਨ।

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ

*Lehran De Haar*
Bhai Vir Singh

© Bhai Vir Singh Sahitya Sadan, New Delhi-110 001
Edition : **2004**

Price Rs. 45/-

ਪ੍ਰਿੰਟਰ :
ਭਾਈ ਵੀਰ ਸਿੰਘ ਪ੍ਰੈਸ,
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ

# ਦੋ ਗੱਲਾਂ

ਇਹ ਸੰਚਯ ਅੱਗੇ ਇਕ ਇਕ ਹਿੱਸਾ ਇਕ ਇਕ ਸੰਚੀ ਦੀ ਸ਼ਕਲ ਵਿਚ ਛਪ ਚੁਕਿਆ ਹੈ, ਤੇ ਸਾਰਿਆਂ ਅਡ ਅਡ ਛਪਿਆਂ ਦੀ ਜਿਲਦ ਬੱਝਕੇ ਬੀ ਵਿਕਦਾ ਰਿਹਾ ਹੈ, ਹੁਣ ਸਾਰਿਆਂ ਨੂੰ ਇਕੱਠਾ ਕਰਕੇ ਇੱਕੇ ਸੰਚੀ ਵਿਚ ਮੁਦ੍ਰਿਤ ਕੀਤਾ ਜਾਂਦਾ ਹੈ। ਸਮੁੱਚੇ ਦਾ ਨਾਮ 'ਲਹਿਰਾਂ ਦੇ ਹਾਰ' ਹੈ।

ਇਸੇ ਸਿਲਸਲੇ ਦਾ ਦੂਸਰਾ ਸੰਚਯ 'ਬਿਜਲੀਆਂ ਦੇ ਹਾਰ' ਬੀ ਛਪ ਚੁਕਾ ਹੈ।

ਮਾਰਚ ੧੯੨੮


www.sikhbookclub.com

# ਸੂਚੀ ਪੱਤ੍ਰ


| | | ਪੰਨਾ |
|---|---|---|
| ੧. | ਤ੍ਰੇਲ ਤੁਪਕੇ | ੭ |
| | ਦੀਦਾਰ | ੯ |
| | ਅੱਖੀਆਂ ਲਗੀਆਂ | ੧੦ |
| | ਵਿਛੁੜੀਆਂ ਅੱਖੀਆਂ | ੧੦ |
| | ਤ੍ਰੇਲ ਤੇ ਸੂਰਜ | ੧੧ |
| | ਮੈਂਡਾ ਪਿਆਰਾ। ਤਜਾਰੀਆਂ। | ੧੨ |
| | ਬਦੀ। ਅਚੱਲ ਰਾਂਝਾ। | ੧੩ |
| | ਅਮਰ ਰਸ। | ੧੪ |
| | ਪਸਾਰੀ ਕਿ ਮਖ਼ੀਰ ? | |
| | ਗੁਲਾਬ ਦਾ ਫੁਲ ਤੋੜਨ ਵਾਲੇ ਨੂੰ | ੧੫ |
| | ਹੋਸ਼-ਮਸਤੀ। ਮਗਨਤਾ। | ੧੬ |
| | ਹਣ-ਰਸ। ਬੇਖ਼ੁਦੀ। | ੧੭ |
| | ਉੱਚੀ ਮਤ। | ੧੮ |
| | ਪਿੰਜਰੇ ਪਿਆ ਪੰਛੀ .....। | ੧੯ |
| | ਅੱਜੇ। ਲੱਗੀਆਂ ਨਿਭਣ। | ੨੦ |
| | ਭੈ ਵਿਚ। | ੨੧ |
| | ਰਉਂ ਰੁਖ। ਯਾਦ। | ੨੨ |
| | ਇਲਮ, ਅਮਲ। | ੨੩ |
| | ਅਮਲੀ-ਸੋਫ਼ੀ। ਸੰਗੀਤ। | ੨੪ |
| | ਵਿਛੋੜਾ-ਵਸਲ। ਬ੍ਰਿਛ। | ੨੫ |

ਪੰਨਾ


| | |
|---|---|
| ਲਾ ਮਕਾਂ। ਉੱਚੀ ਨਜ਼ਰ। | ੨੬ |
| ਦੂਵੱਲੀ ਝਾਕ। ਹਦੋਂ ਪਾਰ ਨ ਹੋਈ। | ੨੭ |
| ਕਿਵੇਂ ਨ ਫਧੀਂਦਾ। | ੨੮ |
| ਰਾਗ ਨ ਸੁਰ। ਜਿਤ ਵਲ ਨਜ਼ਰ ਉਤੇ ਵਲ ਸੱਜਨ। | ੨੯ |
| ਅਰਸ਼ਾਂ ਵਲ ਨਜ਼ਰ। | ੩੦ |
| ਨਾਮ, ਧਯਾਨ, ਰਜ਼ਾ। ਸਿਵਾਣ। | ੩੧ |
| ਦਰਦ ਦੇਖ ਦੁਖ ਆਂਦਾ ਬਖਸ਼ਿਸ਼ ਤੇ ਕਰਮ। | ੩੨ |
| ਬਰਦਾ ਕਿ ਮਾਲਕ ? ਆਪੇ ਦਾ ਉਛਾਲ। | ੩੩ |
| ਰੌਸ਼ਨ ਆਰਾ (ਸਮਾਧ 'ਚੋਂ)। ਰੌਸ਼ਨ ਆਰਾ ਯਾਤਰੂਆਂ ਨੂੰ :- | ੩੪ |
| ਦਿੱਲੀ ਦੀ ਇਕ ਬੇਨਿਸ਼ਾਂ ਸਮਾਧ। | |
| ਆਪੇ ਵਿਚ ਆਪਾ | ੩੫ |
| ਜੌਹਰੀ। | ੩੬ |
| ਬੰਦ-ਖਲਾਸੀ | ੩੭ |
| ਜੀਵਨ ਕੀ ਹੈ ? ੨. | ੩੯ |
| ਦਿਲ-ਤਰੰਗ। ੩. | ੬੫ |
| ਕਿੱਕਰ (ਅੰਗਰੇਜ਼ੀ)। | ੬੮ |
| ਕਿੱਕਰ। | ੬੯ |

| | ਪੰਨਾ |
|---|---|
| ਕੋਇਲ ਦੇ ਬੱਚੇ ਕਾਵਾਂ ਦੇ ਆਲ੍ਹਣੇ | ੭੧ |
| ਫੁਲ ਗਲੇ ਤੋਂ ਉਤਾਰੇ ਜਾਣ ਲਗਿਆਂ ਸਾਈਂ ਲੋਕਾਂ ਨੂੰ :- | ੭੩ |
| ਕਰਨੇ ਦੀ ਖ਼ੁਸ਼ਬੋ ਤੇ ਅਨਖੁਲ੍ਹੀ ਕਲੀ ਦੀ ਬਾਤ ਚੀਤ। | ੭੬ |
| ਕੇਲੋਂ ਦੇ ਗਲ ਲਗੀ ਵੇਲ। | ੭੯ |
| ਮੇਰੀਆਂ ਗੁਲਦਾਉਦੀਆਂ। | ੮੧ |
| ਖੇੜਾ। | ੮੪ |
| ਚਾਂਦਨੀ। | ੮੬ |
| ਜਮਨਾਂ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ। | ੮੯ |
| ਨਰਗਸ। | ੯੭ |
| ਹਿਮਾਲਯ-ਗੰਗਾ-ਸਮੁੰਦਰ। | ੧੦੨ |
| ਅਰਸ਼ੀ ਯਾਰਾਂ ਦੇ ਵਿਛੋੜੇ। | ੧੧੩ |
| ਬਨਫਸ਼ਾ ਦਾ ਫੁੱਲ | ੧੨੪ |
| ੪. ਬੁਲਬੁਲ ਤੇ ਰਾਹੀ। | ੧੨੭ |
| ੫. ਪੁਸ਼ਪਾਵਤੀ-ਚੰਦ੍ਰਾਵਤ। | ੧੫੩ |
| ੬. ਬਿਸਮਿਲ ਮੋਰ। | ੧੭੧ |
| ੭. ਫੁੰਡਿਆ ਤੋਤਾ। | ੧੮੭ |
| ੮. ਗੋਦਾਵਰੀ ਦਾ ਗੀਤ। | ੧੯੫ |
| ,, ,, ,, (ਅੰਗਰੇਜ਼ੀ) | ੧੯੯ |



www.sikhbookclub.com

# ੧. ਤ੍ਰੇਲ ਤੁਪਕੇ


www.sikhbookclub.com

# ਦੋ ਗੱਲਾਂ

੧੯੦੯ ਤੋਂ ਮਗਰੋਂ ਕਦੇ ਕਦੇ ਦੇ ਕੋਈ ਕੋਈ ਦਿਮਾਗੋਂ ਲੰਘੇ ਵਿਕੋਲਿੱਤ੍ਰੇ ਖ਼ਯਾਲਾਂ ਵਿਚੋਂ, ਜੋ ਸੁਤੇ ਸਿੱਧ ਕਵਿਤਾ ਦਾ ਜਾਮਾ ਪਹਿਨਦੇ ਤੇ ਕਲਮ ਨਾਲ ਅੰਕਿਤ ਹੁੰਦੇ ਗਏ, ਜੋ ਤੁਰਯਾਈ ਦੀ ਸੂਰਤ ਦੇ ਸਨ, ਇਨ੍ਹਾਂ ਸਫਿਆਂ ਵਿਚ ਦਿੱਤੇ ਗਏ ਹਨ।

ਤੁਰਯਾਈ ਇਕ ਛੰਦਕ ਚਾਲ ਬੰਨ੍ਹਣ ਦਾ ਜਤਨ ਹੈ, ਜਿਸ ਵਿਚ ੧, ੨, ੪ ਦਾ ਤੁਕਾਂਤ ਹੈ, ਤੇ ਤੀਸਰੀ ਦਾ ਨਹੀਂ। ਪਹਿਲੀ ਦੂਸਰੀ ਵਿਚ ਖ਼ਯਾਲ ਦਾ ਉਦੇ ਤੇ ਪ੍ਰਕਾਸ਼ ਦਾ ਚੜ੍ਹਾਉ ਹੈ, ਤੀਸਰੀ ਵਿਚ ਉਸ ਦੀ ਮੋੜਵੀਂ ਲਹਿਰ ਹੈ, ਤੇ ਚੌਥੀ ਵਿਚ ਭਾਵ ਪੂਰਣਤਾ ਹੈ। ਗਮਕ ਸਭਨਾਂ ਦੀ ਇਕ ਹੈ, ਪਰ ਮਾਤ੍ਰਾਂ ਦੇ ਲਿਹਾਜ਼ ਨਾਲ ਕਿਸੇ ਕਿਸੇ ਵਿਚ ਵਿਲੱਖਣਤਾ ਹੈ। ਫ਼ਾਰਸੀ ਕਵਿਤਾ ਵਿਚ ਇਕ ਛੰਦ ਹੈ 'ਰੁਬਾਈ', ਤੁਰਯਾਈ ਦੀ ਚਾਲ ਉਸ ਵਰਗੀ ਹੈ, ਵਜ਼ਨ ਹੂ-ਬੂ-ਹੂ ਨਹੀਂ।

ਏਹ ਖਿਆਲ ਜੋ ਕਿਸੇ ਖਾਸ ਮਜ਼ਮੂਨ-ਆਰਾਈ, ਖਾਸ ਵਿਸ਼ੇ-ਵਰਨਣ ਵਾਸਤੇ ਨਹੀਂ ਲਿਖੇ ਗਏ, ਪਰ 'ਘਾਹ ਪੱਤੀਆਂ' ਤੇ ਜਿਵੇਂ ਤ੍ਰੇਲ ਦੇ ਤੁਪਕੇ ਆ ਡਲ੍ਹਕਦ ਹਨ, ਤਿਵੇਂ ਇਨ੍ਹਾਂ ਦਾ ਪ੍ਰਕਾਸ਼ ਹੈ ਤੇ 'ਤ੍ਰੇਲ ਦੇ ਸੂਰਜ ਸਮਰਪਤ ਵਜੂਦ' ਵਾਂਙੂ ਏਹ "ਸਭਿ ਮਹਿ ਜੋਤਿ ਜੋਤਿ ਹੈ ਸੋਇ" ਦੀ "ਦਰਸ਼ਨ ਤਾਂਘ" ਨੂੰ ਸਮਰਪਤ ਹਨ।

੨੧ ਮਾਰਚ ੧੯੨੧ ਕਰਤਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

# ਤ੍ਰੇਲ ਤੁਪਕੇ

## ਦੀਦਾਰ

ਹੇ ਅਸਲੀਅਤ ਇਸ ਦਿਸਦੇ ਦੀ !
ਸਾਨੂੰ ਪਰੇ ਨ ਸੱਟੇਂ ਹਾ,
ਧੁਰ ਮਰਕਜ਼ ਆਪਣੇ ਵਿਚ ਕਿਧਰੇ
ਠਾਟ ਅਸਾਡਾ ਠੱਟੇਂ ਹਾ !
ਵਿੱਥ ਕਿਸੇ ਤੇ ਰੱਖ ਜਿ ਸਾਨੂੰ
ਤੂੰ ਖਿੜਨਾ ਖੁਸ਼ ਹੋਣਾ ਸੀ,
ਦੀਦੇ ਦੇਖਣਹਾਰੇ ਦੇ ਕੇ
ਨਜ਼ਰੋਂ ਪਰੇ ਨ ਹੱਟੇਂ ਹਾ ॥੧॥

# ਅੱਖੀਆਂ

'ਅਰੂਪ ਦੇ ਦੀਦਾਰ ਦੀ ਤੜਫਨ'
ਤੋਂ ਬਣੀਆਂ ਅੱਖੀਆਂ
ਪਰ ਰੂਪ ਦੇ ਕਰ ਸਾਮ੍ਹਣੇ ਰੁਖ਼
ਬਾਹਰ ਦਾ ਦੇ ਰੱਖੀਆਂ,
ਦੇਖਣ ਨਜ਼ਾਰੇ ਸੋਹਿਣੇ, ਰੀਝਣ
ਤੇ ਰਚ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ,
ਪਲ ਰੂਪ ਤੇ ਫਿਰ ਭੁੱਖੀਆਂ ॥੨॥

# ਲੱਗੀਆਂ

ਜੀ ਮੇਰੇ ਕੁਛ ਹੁੰਦਾ ਸਹੀਓ !
ਉਡਦਾ ਹੱਥ ਨ ਆਵੇ,-
ਕੱਤਣ, ਤੁੰਮਣ, ਹੱਸਣ, ਖੇਡਣ,
ਖਾਵਣ ਮੂਲ ਨ ਭਾਵੇ,
ਨੈਣ ਭਰਨ, ਖਿਚ ਚੜ੍ਹੇ ਕਾਲਜੇ
ਬਉਰਾਨੀ ਹੋ ਜਾਵਾਂ,-
ਤ੍ਰਿੰਞਣ ਦੇਸ਼ ਬਿਗਾਨਾ ਦਿੱਸੇ,
ਘਰ ਖਵਣ ਨੂੰ ਆਵੇ ॥੩॥

## ਵਿੱਛੁੜੀਆਂ ਅੱਖੀਆਂ

ਅਜਕ ਅਜਕ ਭਾਦੋਂ ਜਿਉਂ ਬਰਸਨ–
ਸੁਕ ਸੁਕ ਭਰ ਭਰ ਆਵਨ–
ਸਿਕ ਸਿਕ ਰਾਹ ਤਕਾਵਨ ਤਤੀਆਂ,
ਮਿਟ ਮਿਟ ਫੇਰ ਖੁਲ੍ਹਾਵਨ,
ਆਸੰਙ ਘਟਦੀ ਚਮਕਣ ਸੰਦੀ,
ਤਾਂਘ ਦਰਸ ਦੀ ਵਧਦੀ:
ਭੁੱਖੀਆਂ ਦਰਦ ਰਞਾਣੀਆਂ ਅਖੀਆਂ
ਝੱਲੇ ਲਹਿਦੀਆਂ ਜਾਵਨ ॥੪॥

## ਤ੍ਰੇਲ ਤੇ ਸੂਰਜ

ਘਾਸ ਉਤੇ ਮੈਂ ਪਈ ਤ੍ਰੇਲ ਹਾਂ
ਨੈਣ ਨੈਣ ਹੋ ਰਹੀਆਂ,
'ਦਰਸ-ਪਯਾਸ' ਵਿਚ ਨੈਣ ਭਰ ਰਹੇ,
ਪਾਣੀ ਪਾਣੀ ਹੋਈਆਂ
'ਦਰਸ-ਪਯਾਸ', ਹੁਣ ਰੂਪ ਮਿਰਾ ਹੈ,
ਮੈਂ ਵਿਚ ਹੋਰ ਨ ਬਾਕੀ,–
ਚੜ੍ਹ ਅਰਸ਼ੋਂ; ਆ ਅੰਗ ਲਗਾ,
ਮੈਂ ਵਿਛੀ ਤਿਰੇ ਰਾਹ ਪਈਆਂ ॥੫॥

## ਮੈਂਡਾ ਪਿਆਰਾ

ਮੈਂ ਕੁੱਠੀ ਮੈਂ ਵਿੰਨ੍ਹੀ ਵੇ ਲੋਕਾ!
ਉਸ ਕਲਗੀ ਦੀਆਂ ਅਣੀਆਂ
ਮੈਂ ਜੇਹੀ ਜਿਨ੍ਹੇ ਲੱਖ ਪੁਰੋਤੀ,
ਲੱਖ ਖਲੋਤੀਆਂ ਤਣੀਆਂ ।
ਵਿਝ ਦਿਲ ਹੋਰ ਵਿਝੀਵਣ ਚਾਹੇ,
ਪੀੜ ਛਿੜੇ ਰਸ ਚਾੜ੍ਹੂ,
ਜਿੰਦ ਨਵੀਂ ਇਕ ਜਾਗੇ ਨੀ, ਚਖ ਚਖ,
ਉਸ ਹੀਰੇ ਦੀਆਂ ਕਣੀਆਂ ॥੬॥

## ਤਰਾਰੀਆਂ

ਰਾਂਝਾ ਬੈਠਾ ਤਖਤ ਹਜ਼ਾਰੇ
ਨਾਲ ਭਾਬੀਆਂ ਅੜਦਾ,–
ਕਾਸਾ ਅਜੇ ਚੱਕ ਹੈ ਚੜ੍ਹਿਆ,–
ਹੱਥ ਘੁਮਿਆਰ ਉਸ ਘੜਦਾ,–
ਹੀਰ ਸੁਰਾਹੀ ਧਉਣ ਨਿਵਾਈ
ਖਲੀ ਝਨਾਂ ਦੀ ਕੰਧੀ,–
ਸ਼ਹੁ ਦਰਿਯਾ ਵਗੇ ਨਹੀਂ ਅਟਕੇ
ਤੁਪਕਾ ਤੁਪਕਾ ਖੜਦਾ ॥੭॥

## ਬਦੀ

ਦਾਖਾਂ ਤੇ ਅੰਗੂਰੀ ਸ਼ੀਸ਼ੇ
ਕੁਦਰਤ ਆਪ ਬਣਾਏ,
ਮਿੱਠੇ ਤੇ ਸੁਆਦੀ ਰਸ ਭਰ ਭਰ
ਵੇਲਾਂ ਗਲ ਲਟਕਾਏ,
ਤੂੰ ਉਹ ਤੋੜ ਮੱਟ ਵਿਚ ਪਾਏ,
ਰਖ ਰਖ ਕੇ ਤਰਕਾਏ,-
ਦੁਖ-ਦੇਵੇ ਦਾਰੂ ਉਸ ਵਿਚੋਂ,
ਤੂੰ ਹਨ ਆਪ ਚੁਆਏ ॥੮॥

## ਅਚੱਲ ਰਾਂਝਾ

ਸਾਡਾ ਰਾਂਝਾ ਤਖਤ ਹਜ਼ਾਰੇ
ਤਖਤੋਂ ਕਦੀ ਨ ਉਠਦਾ,
ਝੰਗ ਸਿਆਲੀਂ ਬੈਠਿਆਂ ਸਾਨੂੰ
ਖਿੱਚਾਂ ਪਾ ਪਾ ਕੁਠਦਾ,
ਆਵੇ ਆਪ ਨ ਪਾਸ ਬੁਲਾਵੇ,
ਸੱਦ ਵੰਝਲੀ ਦੀ ਘੱਲੇ:
ਕੁੰਡੀ ਪਾ ਪਾਣੀ ਵਿਚ ਰਖਦਾ,-
ਰੁਠਦਾ ਹੈ ਕਿ ਤ੍ਰੁੱਠਦਾ ? ॥੯॥

# ਅਮਰ ਰਸ

ਸੁਹਣੇ ਹੱਥ ਸੁਰਾਹੀ ਪਜਾਲਾ
ਦੇਖ ਦੁਖੀ ਖੁਸ਼ ਹੋਈ,
ਖੁਸ਼ ਹੋਈ ਮੁਖ ਦੇਖ ਸਜਣ ਦਾ
ਦੇਖ ਸੁਰਾਹੀ ਰੋਈ।
ਰੋਂਦੀ ਵੇਖ ਸਜਣ ਹਸ ਆਖੇ,-
'ਕਉੜੀ ਸ਼ਰਾਬ ਨ ਲਜਾਯਾ,-
ਅੰਮ੍ਰਿਤ ਏਸ ਸੁਰਾਹੀ ਕਰਿਆ,-
ਪੀਏ ਤੇ ਜੀਵੇ ਮੋਈ' ॥੧੦॥
ਦੇਹ ਇਕ ਬੂੰਦ ਸੁਰਾਹੀਓਂ ਸਾਨੂੰ
ਸੋਚ ਸਮੁੰਦਰ ਬੋੜੇ,
ਬੇਖੁਦੀਆਂ ਦੇ ਚਾੜ੍ਹ ਅਰਸ਼ ਤੇ
ਆਸ ਅੰਦੇਸ਼ੇ ਤੋੜੇ,
ਰੰਗ ਸੁਹਾਵੇ ਤੇ ਨੌਰੰਗੀ
ਪੀਂਘ ਘੁਕੇ ਆਨੰਦੀ,
ਆਣ ਹੁਲਾਰੇ ਅਮਰ ਸੁਖਾਂ ਦੇ,
ਮੁੜਨ ਨ;-ਐਸਾ ਜੋੜੇ ॥੧੧॥

## ਪਸਾਰੀ ਕਿ ਮਖੀਰ

ਤੋੜ ਗੁਲਾਬ ਪਸਾਰੀ ਲਜਾਇਆ
ਮਲ ਮਲ ਖੰਡ ਰਲਾਈ,-
ਭੀ ਕਉੜੱਤਣ ਰਹੀ ਸ੍ਵਾਦ ਵਿਚ
ਬਣੀ ਨ ਉਹ ਮਿਠਿਆਈ.
ਮੱਖੀ ਬਣ, ਕਣ ਰਸ* ਜੇ ਚੁਣਦਾ,
ਤੋੜ ਨ ਆਬ ਗੁਆਂਦਾ,
ਮਾਲੀ ਨਾਲੋਂ ਨੇਹੁੰ ਨ ਟੁਟਦਾ,
ਰਸ ਪੀਂਦਾ ਸੁਖਦਾਈ ॥੧੨॥

## ਗੁਲਾਬ ਦਾ ਫੂਲ ਤੋੜਨ ਵਾਲੇ ਨੂੰ :-

ਡਾਲੀ ਨਾਲੋਂ ਤੋੜ ਨ ਸਾਨੂੰ,
ਅਸਾਂ ਹੱਟ ਮਹਿਕ† ਦੀ ਲਾਈ।
ਲੱਖ ਗਾਹਕ ਜੋ ਸੁੰਘੇ ਆ ਕੇ,
ਖਾਲੀ ਇਕ ਨਾ ਜਾਈ।
ਤੂੰ ਜੋ ਇੱਕ ਤੋੜ ਕੇ ਲੈ ਗਿਓਂ,
ਇਕ ਜੋਗਾ ਰਹਿ ਜਾਸਾਂ,-
ਉਹ ਭੀ ਪਲਕ ਝਲਕ ਦਾ ਮੇਲਾ-
ਰੂਪ ਮਹਿਕ ਨਸ ਜਾਈ ॥੧੩॥

---

*ਰਸ ਕਿਣਕੇ ਭਾਵ ਸ਼ਹਿਤ ਦੇ ਨਿੱਕੇ ਤੁਪਕੇ।

†ਖੁਸ਼ਬੋ।

## ਹੋਸ਼-ਮਸਤੀ

'ਕਿਉਂ ਹੋਯਾ ?' ਤੇ 'ਕੀਕੂੰ ਹੋਯਾ ?'
ਖਪ ਖਪ ਮਰੇ ਸਿਆਣੇ,
ਓਸੇ ਰਾਹ ਪਵੇ ਕਿਉਂ ਜਿੰਦੇ !
ਜਿਸ ਰਾਹ ਪੂਰ ਮੁਹਾਣੇ ।
ਭਟਕਣ ਛੱਡ, ਲਟਕ ਲਾ ਇਕੋ,
ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ ॥੧੪॥

## ਮਗਨਤਾ

ਬਾਗ਼ ਅਦਨ ਵਿਚ ਵਸਦਿਆਂ ਆਦਮ
ਕਣਕ ਆਖਦੇ ਖਾਧੀ,–
ਧੱਕਿਆ ਗਿਆ ਬਾਗ਼ ਤੋਂ ਸ਼ੁਹਦਾ*
ਕੀਤਾ ਗਿਆ ਅਪਰਾਧੀ
ਭਬਕੇ ਪਾ ਕੇ ਕਣਕ ਚੁਆਂਦਾ
ਰਸ ਪੀਂਦਾ ਜੇ ਆਦਮ,
ਅਦਨੋਂ ਹੋਰ ਉਚੇਰਾ ਹੁੰਦਾ,
ਅਟਲ ਮੱਲਦਾ ਗਾਧੀ† ॥੧੫॥

---

*ਵਿਚਾਰਾ । †ਅਮਰਪਦ ।

## ਹਠ-ਰਸ

ਨਾ ਕਰ ਤਪ ਸਿੰਙੀ ਰਿਖਿ ਹਠੀਏ !
ਰੁੱਸ ਨ ਕੁਦਰਤ ਨਾਲੋਂ,
ਲੁਕਵੇਂ ਤੇਜ ਵਸਣ ਇਸ ਅੰਦਰ,
ਸੂਖਮ ਹਨ ਜੋ ਵਾਲੋਂ,
ਹਠ ਤੋਂ ਟੱਪ, ਰੰਗੀਜ ਰੰਗ ਵਿਚ,
ਰਸੀਆ ਹੋ ਰਸ ਜਿੱਤੀਂ,
ਇਕ ਝਲਕਾਰੇ ਵਿੱਚ ਨਹੀਂ ਏ,
ਗੁਆ ਦੇਸਣ ਇਸ ਹਾਲੋਂ ॥੧੬॥

## ਬੇ ਖ਼ੁਦੀ

ਬੇਖ਼ੁਦੀਆਂ ਦੀ ਬੂਟੀ ਇਕ ਦਿਨ
ਮੁਰਸ਼ਿਦ ਘੋਲ ਪਿਲਾਈ,
ਝੂਟਾ ਇੱਕ ਅਰਸ਼ ਦਾ ਆਇਆ
ਐਸੀ ਪੀਂਘ ਘੁਕਾਈ,
ਘੂਕੀ ਘੁਕੇ ਚੜ੍ਹੇ ਤੇ ਘੂਕੇ
ਢਿੱਲੀ ਕਦੀ ਨ ਹੋਵੇ:
ਚਾਟ ਲਗਾਵਣ ਵਾਲਿਆ ਸਾਈਂਆਂ !
ਲਾਈ ਤੋੜ ਚੜ੍ਹਾਈਂ ॥੧੭॥

# ਉੱਚੀ ਮੱਤਿ

ਫੜ ਫੜ ਦਿਲ ਨੂੰ ਬਹਿ ਬਹਿ ਜਾਵਾਂ
ਜਦ ਦਿਲਗੀਰੀਆਂ ਆਵਣ,
ਹਸ ਬੋਲੇ, ਹਸ ਤੱਕੇ ਸਾਂ ਜੋ
ਪਾ ਪਕੜਾਂ ਆ ਖਾਵਣ,
ਬੇ-ਖ਼ੁਦੀਆਂ ਦੀ ਪੀਂਘੇ ਚੜ੍ਹਕੇ
ਕੀਕੁਣ ਮੈਂ ਸੁਖ ਪਾਵਾਂ ?
ਹੇਠਾਂ ਖਿੱਚਣ ਵਾਲੀਆਂ ਰੋਕਾਂ;
ਪਿਛਾ ਨਾ ਛਡ ਜਾਵਣ ॥੧੮॥
ਦਿਲ ਦੀਆਂ ਪਕੜਾਂ ਟੁੱਟਣ ਤਾਹੀਓਂ
ਜੇ ਉੱਚੇ ਨੂੰ ਪਕੜੇਂ,
ਉਹ ਖਿੱਚੇ, ਤੂੰ ਹੰਭਲਾ ਮਾਰੇਂ
ਹੱਥ ਪਾਇਕੇ ਤਕੜੇ—
ਠੱਗ ਲਵੇ ਸੁੰਦਰਤਾ ਉਸ ਦੀ
ਆਪਣੇ ਹਿਤ ਵਿਚ ਬੰਨ੍ਹੇ,
ਪਹੁ ਪੰਧ ਤੇਰੇ ਹੋਣ ਮੋਕਲੇ
ਖੁਲ ਜਾਵਣ ਬੰਦ ਜਕੜੇ ॥੧੯॥

## ਪਿੰਜਰੇ ਪਿਆ ਪੰਛੀ

## ਪਿੰਜਰੇ ਦੀ ਸਲਾਹੁਤ ਕਰਨ ਵਾਲੇ ਨੂੰ :—

ਜ਼ਾਲਮ ਖੜਾ ਹਵਾ ਖੁੱਲ੍ਹੀ ਵਿਚ
ਆਖੇ 'ਪਿੰਜਰਾ ਸੁਹਣਾ',—
ਵਿਚ ਆ ਜਾਵੇਂ ਫਿਰ ਮੈਂ ਪੁੱਛਾਂ:
'ਕਿੰਨਾ ਹੈ ਮਨ-ਮੁਹਣਾ ?'
ਪਰ* ਤੋਂ ਹੀਨ, ਧਰਾ ਦੇ ਕੈਦੀ,
ਓ ਮੂਰਖ ਦਿਲ ਕਰੜੇ !
ਉੱਡਣਹਾਰੇ ਪੰਛੀ ਨੂੰ ਇਹ
ਸੁਹਣਾ ਹੈ ਜਿੰਦ ਕੁਹਣਾ ॥੨੦॥
ਜ਼ਾਲਮ ਨੂੰ ਰੰਗ ਸੁਹਣਾ ਲੱਗਾ,
ਮਿੱਠੀ ਲੱਗੀ ਬਾਣੀ,—
ਵਾਹ ਵਾ ਕਦਰ ਗੁਣਾਂ ਦੀ ਪਾਈ !
ਛਹਕੇ ਜਾਲੀ ਤਾਣੀ ।
ਪਕੜ ਪਿੰਜਰੇ ਪਾਇ ਵਿਛੋੜਿਆ
ਸਾਕ ਸਨੇਹੀਆਂ ਨਾਲੋਂ,
ਭੱਠ ਪਏ ਇਹ ਕਦਰ ਤੁਹਾਡੀ,
ਖੇਹ ਇਸ ਯਾਰੀ ਲਾਣੀ ॥੨੧॥

---

*ਖੰਭ ।



 www.sikhbookclub.com

## ਅੱਜੋ

ਅੱਜੋ ਪੀ ਤੇ ਹੁਣ ਹੀ ਪੀ ਤੇ-
ਪੀਂਦਾ ਪੀਂਦਾ ਜਾਂਈਂ,
'ਪਿਰਮ-ਰਸਾਂ' ਦੇ ਪਜਾਲੇ ਨਾਲੋਂ
ਲਾਏ ਬੁੱਲ੍ਹ ਨ ਚਾਈਂ।
ਹਰਦਮ ਪੀ ਤੇ ਖੀਵਾ ਹੋ ਰਹੁ
ਇਹ ਮਸਤੀ ਨਾ ਉਤਰੇ-
ਕਲ ਨੂੰ ਖ਼ਤਰੇ ਕਾਲ ਆਇਕੇ
ਦੇਵੇ ਖ਼ਾਕ ਰਲਾਈ ॥੨੨॥

## ਲੱਗੀਆਂ ਨਿਭਣ

ਪੱਥਰ ਨਾਲ ਨੇਹੁੰ ਲਾ ਬੈਠੀ-
ਨਾ ਹੱਸੇ ਨਾ ਬੋਲੇ,
ਸੋਹਣਾ ਲੱਗੇ ਮਨ ਨੂੰ ਮੋਹੇ,
ਘੁੰਡੀ ਦਿਲੋਂ ਨ ਖੁਹਲੇ।
ਛਡਿਆਂ ਛਡਿਆ ਜਾਂਦਾ ਨਾਹੀਂ,
ਮਿਲਿਆਂ ਨਿੱਘ ਨ ਕੋਈ,
ਹੱਛਾ, ਜਿਵੇਂ ਰਜ਼ਾ ਹੈ ਤੇਰੀ,
ਅੱਖੀਅਹੁੰ ਹੋਹੁ ਨ ਓਹਲੇ ॥੨੩॥

# ਭੈ ਵਿਚ

ਬੱਦਲ ਆਇਆ ਦੇਖ ਕੰਬਿਆ
ਪਰਬਤ, —ਸ਼ੋਰ ਮਚਾਇਆ:
'ਮਿੱਠੇ ਬਣ ਅੰਦਰ ਵੜ ਲੇਟੂ
ਫਿਰ ਫੇਰਾ ਆ ਪਾਇਆ ?
'ਕੱਜਣ ਐਡਾ ਕਿੱਥੋਂ ਲਜਾਵਾਂ ?
ਲਵੇ ਲੁਕਾ ਜੋ ਮੈਨੂੰ।
'ਹੇ ਸਰਪੋਸ਼ ਜਗਤ ਦੇ ਓਢਣ!
ਰੱਖੋ ਕਰਕੇ ਦਾਇਆ' ॥੨੪॥
ਮਿੱਠੀ ਖਿਰਨ ਬੋਲਿਆ ਬੱਦਲ
ਹਿਰਦਾ ਚਮਕ ਦਿਖਾਇਆ:—
ਲੇਖਾ ਸਾਫ ਨ ਮੈਂ ਕੁਛ ਪੱਲੇ,
ਤੈਂ ਦਿੱਤਾ ਵੰਡ ਆਇਆ.
'ਉਹ ਦਾਤਾ, ਭੰਡਾਰੀ ਤੂੰ ਹੈਂ
ਮੈਂ ਹਾਂ ਵੰਡਣ-ਹਾਰਾ,
'ਭੈ ਵਿਚ ਕਾਰ ਤੁਸਾਂ ਮੈਂ ਕਰਨੀ—
ਸਭ ਮਾਲਕ ਦੀ ਮਾਇਆ' ॥੨੫॥

## ਰਉਂ ਰੁਖ਼

ਸਾਗਰ ਪੁਛਦਾ:–'ਨਦੀਏ ! ਸਾਰੇ
ਬੂਟੇ ਬੂਟੀਆਂ ਲਜਾਵੇਂ,
'ਪਰ ਨਾ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ ?'
ਨਦੀ ਆਖਦੀ:–'ਆਕੜ ਵਾਲੇ,
ਸਭ ਬੂਟੇ ਪਟ ਸੱਕਾਂ,
'ਪਰ ਜੋ ਝੁਕੇ, ਵਗੇ ਰਉਂ ਰੁਖ਼ ਨੂੰ,
ਪੇਸ਼ ਨ ਉਸ ਤੇ ਜਾਵੇ' ॥੨੬॥

## ਯਾਦ

'ਯਾਦ ਸਜਣ ਦੀ' ਹਰਦਮ ਰਹਿੰਦੀ
ਲਹਿ ਗਈ ਡੂੰਘੇ ਥਾਂਈਂ,
ਵਾਂਗ ਸੰਗੀਤ ਲਹਿਰਦੀ ਅੰਦਰ
ਬਣ ਗਈ ਰਾਗ ਇਲਾਹੀ।
ਦਾਰੂ ਵਾਂਗ ਸਰੂਰ ਚਾੜ੍ਹਦੀ,
ਤਰਬ ਵਾਂਗ ਥਰਰਾਵੇ,
ਖਿੱਚੇ ਤੇ ਰਸ-ਭਿੰਨੀ ਕਸਕੇ--
ਲੱਗੇ ਫਿਰ ਸੁਖਦਾਈ ॥੨੭॥

# ਇਲਮ, ਅਮਲ

ਸਿਰ ਕਚਕੌਲ ਬਨਾ ਹੱਥ ਲੀਤਾ,
ਪੜ੍ਹਿਆਂ ਦੁਆਰੇ ਫਿਰਿਆ,
ਦਰ ਦਰ ਦੇ ਟੁਕ ਮੰਗ ਮੰਗ ਪਾਏ,
ਤੁੰਨ ਤੁੰਨ ਕੇ ਇਹ ਭਰਿਆ,
ਭਰਿਆ ਦੇਖ ਅਫਰਿਆ ਮੈਂ ਸਾਂ,
ਜਾਣਾ ਪੰਡਤ ਹੋਇਆ,—
ਟਿਕੇ ਨ ਪੈਰ ਜ਼ਿਮੀਂ ਤੇ ਮੇਰਾ
ਉੱਚਾ ਹੋ ਹੋ ਟੁਰਿਆ ॥੨੮॥
ਇਕ ਦਿਨ ਏ ਕਚਕੌਲ ਲੈ ਗਿਆ
ਮੁਰਸ਼ਿਦ ਮੂਹਰੇ ਧਰਿਆ,
'ਜੂਠ ਜੂਠ' ਕਰ ਉਸ ਉਲਟਾਇਆ
ਖਾਲੀ ਸਾਰਾ ਕਰਿਆ:
ਮਲ ਮਲ ਕੇ ਫਿਰ ਧੋਤਾ ਇਸ ਨੂੰ
ਮੈਲ ਇਲਮ ਦੀ ਲਾਹੀ:
ਦੇਖੋ, ਇਹ ਕਚਕੌਲ ਲਿਸ਼ਕਿਆ;
ਕੰਵਲ ਵਾਂਗ ਫਿਰ ਖਿੜਿਆ ॥੨੯॥

# ਅਮਲੀ-ਸੋਫੀ

ਦੇਹ ਇਕ ਬੂੰਦ ਸੁਰਾਹੀਓਂ ਸਾਨੂੰ
ਇੱਕੋ ਹੀ ਦੇਹ ਸਾਈਂ !
ਅੱਧੀ, ਅੱਧ-ਪਚੱਧੀ [illegible] ਦੇ,
ਨਿਕੀ ਹੋਰ ਗੁਸਾਂਈਂ !
ਇੱਕ ਵੇਰ ਇਕ ਕਣੀ ਦਿਵਾ ਦੇ,
ਸੂਫੀ ਅਸੀਂ ਨ ਰਹੀਏ,–
ਇੱਕ ਵੇਰ ਦਰ ਖਲਿਆਂ ਤਾਈਂ
ਸਾਂਈਂ ਸ੍ਵਾਦ ਚਖਾਈਂ ॥੩੦॥

# ਸੰਗੀਤ

ਉੱਚੇ ਭਾਵ ਵਲਵਲੇ ਸੁਹਣੇ
ਸੂਖਮ ਰੰਗ ਸੁਹਾਵਨ,
ਸਰਦ ਮਿਹਰ ਦੁਨੀਆਂ ਨੂੰ ਮਿਲ ਮਿਲ
ਠਰ ਠਰ ਜਮ ਜਮ ਜਾਵਨ:–
ਰਾਗ ਇਨ੍ਹਾਂ ਨੂੰ ਨਿੱਘ ਪੁਚਾਵੇ
ਮੁੜ ਸੁਰਜੀਤ ਕਰਾਵੇ:
ਤਾਹੀਓਂ ਰਸੀਏ ਏਸ ਰਾਗ ਨੂੰ
'ਪੌੜੀ ਅਰਸ਼' ਸਦਾਵਨ ॥੩੧॥



 www.sikhbookclub.com

# ਵਿਛੋੜਾ ਵਸਲ

ਸਾਬਣ ਲਾ ਲਾ ਧੋਤਾ ਕੋਲਾ,
ਦੁੱਧ ਦਹੀਂ ਵਿਚ ਪਾਇਆ,
ਖੁੰਬ ਚਾੜ੍ਹ, ਰੰਗਣ ਭੀ ਧਰਿਆ,
ਰੰਗ ਨ ਏਸ ਵਟਾਇਆ,
ਵਿੱਛੁੜ ਕੇ ਕਾਲਖ ਸੀ ਆਈ,
ਬਿਨ ਮਿਲਿਆਂ ਨਹੀਂ ਲਹਿੰਦੀ :
ਅੰਗ ਅੱਗ ਦੇ ਲਾ ਕੇ ਦੇਖੋ,
ਚੜ੍ਹਦਾ ਰੂਪ ਸਵਾਇਆ ॥੩੨॥

# ਬ੍ਰਿੱਛ

ਧਰਤੀ ਦੇ ਹੇ ਤੰਗ-ਦਿਲ ਲੋਕੋ !
ਨਾਲ ਅਸਾਂ ਕਿਉਂ ਲੜਦੇ ?
ਚੌੜੇ ਦਾਉ ਅਸਾਂ ਨਹੀਂ ਵਧਣਾਂ,
ਸਿੱਧੇ ਜਾਣਾਂ ਚੜ੍ਹਦੇ,
ਘੇਰੇ ਤੇ ਫੈਲਾਉ ਅਸਾਡੇ,
ਵਿਚ ਅਸਮਾਨਾਂ ਹੋਸਣ:
ਗਿੱਠ ਥਾਉਂ ਧਰਤੀ ਤੇ ਮੱਲੀ,
ਅਜੇ ਤੁਸੀਂ ਹੋ ਲੜਦੇ ? ॥ ੩੩ ॥

## ਲਾ-ਮਕਾਂ

ਦਿਲ ਵਰਜਿਆ ਨਹੀਂ ਰਹਾਂਦਾ
ਜਾ ਖਹਿੰਦਾ ਉਸ ਟਿਕਾਣੇ,-
ਇਕ ਲਾਮਕਾਨੀ* ਡੇਰਾ
ਜਾ ਉਸਦੇ ਬੁਰਜ ਸਿਆਣੇ,
ਵਿਚ ਸਜਾਣ ਆਪ ਗੁੰਮ ਹੁੰਦਾ
ਰਹੇ ਅਗੂਾਂ ਪਿਛਾਂ ਨਾ ਜੋਗਾ,
ਜਦ ਮੁੜਦਾ, ਰਸ ਵਿਚ ਗੁਟਕੇ,
ਪਰ ਦੱਸੇ ਨਾ ਕੁਝ ਜਾਣੇ ॥੩੪॥

## ਉੱਚੀ ਨਜ਼ਰ

ਉੱਚਾ ਉੱਠ ਜਿਮੀਂ ਤੋਂ ਪਯਾਰੇ;
ਤੈਨੂੰ ਖੰਭ ਰੱਬ ਨੇ ਲਾਏ,-
ਉਹ ਕਿਉਂ ਰਿੜ੍ਹੇ ਗੱਡਿਆਂ ਪਰਨੇ,
ਜੋ ਉਡ ਅਸਮਾਨੀਂ ਜਾਏ ?
ਉੱਚੀ ਨਜ਼ਰ ਤੇ ਹਿੰਮਤ ਉੱਚੀ,
ਦਾਈਆ ਉੱਚਾ ਰੱਖੀਂ,
ਅਰਸ਼ੀ ਤਾਣ ਜਿਹਦੇ ਹੋ ਪੱਲੇ,
ਉਹ ਕਿਉਂ ਭੁੰਜੇ ਆਏ ? ॥ ੩੫ ॥

---

*ਜੋ ਦੇਸ਼ ਕਾਲ ਵਿਚ ਨਾ ਹੋਵੇ ।


www.sikhbookclub.com

## ਦੁਵੱਲੀ ਝਾਕ

ਤਟ ਤੇ ਬੈਠ ਮੁਨੀ ਜੀ ਬਾਂਕੇ
ਦੁਹੁ ਵੱਲੀਂ ਹੀ ਝਾਕ ਰਹੇ,-
ਥਲ ਵੰਨੇ ਫਿਰ ਜਲ ਵੰਨੇ ਤੇ
ਫਿਰ ਥਲ ਫਿਰ ਜਲ ਤਾਕ ਰਹੇ:
ਗਰਦ ਪੈਣ ਤੇ ਭਿੱਜਣ ਕੋਲੋਂ
ਦੁਹੁ ਗੱਲੋਂ ਇਉਂ ਪਾਕ ਰਹੇ,
ਪਰ ਆਖ਼ਰ ਨੂੰ ਅੰਨ ਪਾਣੀਓਂ
ਵਾਂਜੇ ਗਏ, ਦੁਫਾਂਕ ਰਹੇ ॥੩੬॥

## ਹੱਦੋਂ ਪਾਰ ਨ ਹੋਈ

ਉੱਡੀ ਉੱਡ ਚੜ੍ਹੀ ਅਸਮਾਨੀਂ
ਬਦਲਾਂ ਤੇ ਜਾ ਬੈਠੀ ਛੋਪ,
ਓਥੇ ਭੀ ਅਸਮਾਨ, ਇਹੋ, ਹਾਇ
ਤਣਿਆਂ ਨੀਲਾ ਸਿਰ ਸਿਰ ਟੋਪ!
ਉੱਡੀ ਹੋਰ ਤਬਕ ਚੌਦਾਂ ਤ
ਨਖਯਤਰਾਂ ਤੋਂ ਲੰਘੀ ਦੂਰ,
ਨਾਲੋਂ ਨਾਲ ਰਿਹਾ ਸਿਰ ਘੁੰਮਦਾ
ਚੱਕਰ ਦੇਂਦਾ ਨੀਲਾ ਘੋਪ ॥੩੭॥

# ਕਿਵੇਂ ਨ ਫਧੀਂਦਾ

ਦੇ ਦਰਸ਼ਨ ਅੱਖਾਂ ਮਸਤਾਂਦਾ,
ਪਾਇ ਤਣਾਵਾਂ ਕੱਸਦਾ,
ਝਰਨਾਟਾਂ ਜੋ ਜਾਣ ਨ ਝੱਲੀਆਂ
ਮਨ ਨੂੰ ਪਾ ਪਾ ਦੱਸਦਾ,
ਬੁੱਲ੍ਹਾਂ ਤੇ ਬਹਿ ਕਦੇ ਆਪ ਆ
ਹੱਸੇ ਰਸੇ ਰਸਾਵੇ
ਅੰਦਰ ਵੜੇ, ਵਲਵਲੇ ਛੇੜੇ,
ਤੁਣੁਕੇ ਦੇ ਦਿਲ ਖੱਸਦਾ ॥੩੮॥
ਮੋਹੀ ਮੱਤੀ ਤੇ ਰਸ ਲਹਿਰੀ
ਫੜਨ ਉਠਾਂ, ਉਠ ਨੱਸਦਾ,
ਮਿਲਿਆਂ ਫੜਿਆਂ ਹੱਥ ਨ ਆਵੇ
ਵੱਸ ਕਿਸੇ ਨਹੀਂ ਵੱਸਦਾ,
ਕੋਮਲ ਪਯਾਰ ਬੁੱਲ੍ਹਾਂ ਦੇ ਆਦਰ
ਕਿਵੇਂ ਫਧੀਂਦਾ ਨਾਹੀਂ;
ਪਾਇ ਭੁਲੇਵਾਂ ਤਿਲਕ ਜਾਂਵਦਾ,
ਗਲਵੱਕੜੀ ਨਹੀਂ ਫਸਦਾ ॥੩੯॥

## ਰਾਗ ਦੀ ਸੁਰ

ਸੁਰ ਇਕ ਕੋਮਲ ਗਲਿਓਂ ਨਿਕਲੀ
ਮੇਰੇ ਪਾਸ ਖੜੋਤੀ ਆਇ,
ਕੰਬੇ ਤੇ ਲਹਿਰੇ ਥਰਰਾਂਦੀ
ਦਿੱਤੀ ਇਕ ਝਰਨਾਟ ਛਿੜਾਇ,
ਆਪਾ ਕੰਬ ਸਰੂਰ ਹੋ ਗਿਆ,
ਸੁਪਨ ਵੰਨ ਰੰਗ ਰੂਪ ਅਰੂਪ.
ਅਰਸ਼ ਕੁਰਸ਼ ਦੇ ਝੂਟੇ ਝੂੰਮੇਂ
ਲਾ-ਮਕਾਨੀ ਡੋਬ ਡੁਬਾਇ ॥੪੦॥

## ਜਿਤ ਵਲ ਨਜ਼ਰ ਉਤੇ ਵਲ ਸੱਜਣ

ਨੈਣਾਂ ਦੇ ਵਿਚ ਸਜਣ ਬਹਾਇਆ
ਉਹ ਹੇਠਾਂ ਨੂੰ ਧਸਿਆ,
ਧਸਿਆ ਅੰਦਰਲੇ ਦੇ ਅੰਦਰ
ਜਾ ਡੂੰਘਾਣੀਂ ਫਸਿਆ;
ਨੈਣ ਮੀਟਿਆਂ ਅੰਦਰ ਦਿਸਦਾ
ਨੈਣ ਖੁਲ੍ਹਿਆਂ ਬਾਹਰ ਦਿਸੀਵੇ,
ਜਿਤ ਵਲ ਨਜ਼ਰ ਉਤੇ ਵਲ ਦਿਸਦਾ,
ਵਣ ਤਿਣ ਸੱਜਣ ਵਸਿਆ ॥੪੧॥

# ਅਰਸ਼ਾਂ ਵੱਲ ਨਜ਼ਰ

ਅਖੀਆਂ ਜੇ ਘੁਮਿਆਰ ਮੈਂਡੜਾ
ਸਿਰ ਮੇਰੇ ਤੇ ਲਾਂਦਾ,
ਸਹੁੰ ਅੱਲਾ ਦੀ ਨਜ਼ਰ ਸਦਾ ਮੈਂ
ਅਰਸ਼ਾਂ ਵੱਲ ਰਹਾਂਦਾ,
ਹੁਣ ਅੱਖਾਂ ਹਨ ਮੱਥੇ ਥੱਲੇ,
ਰੁਖ਼ ਏਹਨਾਂ ਦਾ ਹੇਠਾਂ।
ਨੀਵੀਂ ਤੱਕ ਮੇਰੀ ਇਸ ਰੁਖ ਤੋਂ
ਜ਼ੋਰ ਨ ਪਾਰ ਵਸਾਂਦਾ* ॥ ੪੨ ॥

ਇਹ ਤਾਂ ਸੱਚ ਅਜ਼ਲ ਨੇ ਅੱਖਾਂ
ਸਿਰ ਤੇਰੇ ਨਹੀਂ ਲਾਈਆਂ,
ਪਰ ਗਿੱਚੀ ਦੀਆਂ ਨਾੜਾਂ ਉਸਨੇ
ਲਚਕਾਂ ਦੇ ਦੇ ਪਾਈਆਂ,
ਦਿੱਤੀ ਖੁਲ੍ਹ ਨਜ਼ਰ ਦੀ ਤੱਕੇਂ
ਹੇਠਾਂ ਉੱਪ੍ਰ ਚੁਫੇਰੇ,–
ਹੁਣ ਜੇ ਲੋਅ ਉਤਾਹਾਂ ਲਾਵੇਂ
ਤਾਂ ਤੇਰੀਆਂ ਵਡਿਆਈਆਂ ॥੪੩॥

*ਪੇਸ਼ ਨਹੀਂ ਜਾਂਦੀ ।

# ਨਾਮ, ਧਜਾਨ, ਰਜ਼ਾ

ਨਾਮ ਸਜਣ ਦਾ ਜੀਭ ਚੜ੍ਹ ਗਿਆ,
ਜਾਂ ਸੱਜਣ ਉਠ ਤੁਰਿਆ।
ਮੱਲ ਲਏ ਦੋ ਨੈਣ ਧਜਾਨ ਨੇ,
ਸਬਕ ਰਜ਼ਾ ਦਾ ਫੁਰਿਆ,
ਬਿਰਹੋਂ ਦੇ ਹਥ ਸੌਂਪ ਅਸਾਨੂੰ
ਜੇ ਸੱਜਣ ! ਤੂੰ ਰਾਜ਼ੀ,
ਯਾਦ ਤੁਸਾਡੀ ਛੁਟੇ ਨ ਸਾਥੋਂ,
ਪਜਾਰ ਰਹੇ ਲੂੰ ਪੁੜਿਆ ॥੪੪॥

# ਸਿਵਾਣ

ਮਿਸਰੀ ਕਿਸੇ ਬਨਾਂਦਿਆਂ, ਹੇਠਾਂ
ਜਦੋਂ ਕੜਾਹੀ ਲਾਹੀ,
ਰੋਲੇ ਰੋਲੇ ਖੰਡ ਹੋ ਗਈ
ਵੇਖ ਵੇਖ ਪਛੁਤਾਹੀ,
ਹੇ ਭੋਲੇ ! ਜਿਸ ਸੇਕ ਨਾਲ ਸੀ
ਸ਼ਰਬਤ ਮਿਸਰੀ ਬਣਨਾ,
ਤਾਰ ਸਿਵਾਤੀ ਨਹੀਂ ਓਸਦੀ,
ਸਜਾਣ ਬਿਨਾਂ ਸੁਖ ਨਾਹੀਂ ॥੪੫॥

# ਦਰਦ ਦੇਖ ਦੁਖ ਆਂਦਾ

ਦੁਨੀਆਂ ਦਾ ਦੁਖ ਦੇਖ ਦੇਖ ਦਿਲ
ਦਬਦਾ ਦਬਦਾ ਜਾਂਦਾ,
ਅੰਦਰਲਾ ਪੰਘਰ ਵਗ ਟੁਰਦਾ
ਨੈਣੋਂ ਨੀਰ ਵਸਾਂਦਾ
ਫਿਰ ਬੀ ਦਰਦ ਨ ਘਟੇ ਜਗਤ ਦਾ
ਚਾਹੇ ਆਪਾ ਵਾਰੋ,
ਪਰ ਪੱਥਰ ਨਹੀਂ ਬਣਿਆ ਜਾਂਦਾ
ਦਰਦ ਦੇਖ ਦੁਖ ਆਂਦਾ ॥ ੪੬ ॥

# ਬਖਸ਼ਿਸ਼ ਤੇ ਕਰਮ

'ਤੂੰ ਪਾਪੀ' 'ਤੂੰ ਪਾਪੀ' ਕਹਿ ਕਹਿ,
ਪੰਡਤ ਜਿੰਦ ਸੁਕਾਈ
ਬਖਸ਼ਣ ਵਾਲਾ ਮਿੱਤੋਂ ਬਾਹਰ,
ਅਸੀਂ ਮਿੱਤ ਵਿਚ ਭਾਈ !
ਮਿਤ ਵਾਲੇ ਦੇ ਕਰਮ ਅਮਿੱਤ
ਕਦੇ ਨਹੀਂ ਹੋ ਸਕਦੇ,
ਬਖਸ਼ ਅਮਿੱਤੇ ਦੀ ਜਿਤ ਪਾਊ
ਮਿਤ ਦੇ ਕਰਮ ਉਡਾਈ ॥ ੪੭ ॥

## ਬਰਦਾ ਕਿ ਮਾਲਕ ?

ਇਕ ਮੇਲੇ ਵਿਚ ਫਿਰੇ ਆਦਮੀ
ਗਲ ਵਿਚ ਫੱਟੀ ਪਾਈ,–
ਫੱਟੀ ਤੇ ਲਿਖਿਆ, 'ਮੈਂ ਬਰਦਾ,
'ਵਿਕਾਂ, ਲਓ ਕੁਈ ਭਾਈ,
ਲੈਣ ਲਗੇ ਮੈਨੂੰ ਕਿਸਿ ਕਹਿਆ,
'ਏਹ ਮਾਲਕ ਨਹੀਂ ਟੋਲੇ,
'ਏਸ ਭੇਸ ਏ ਬਰਦਾ ਲੱਭੇ,
ਚਾਹੇ ਹੁਕਮ ਚਲਾਈ' ॥੩੮॥

## ਆਪੇ ਦਾ ਉਛਾਲ

ਆਪਾ ਉਛਲ ਉਛਾਲੇ ਖਾਵੇ,
ਤਾਂ ਤੈਨੂੰ ਰਸ ਆਵੇ,
ਰਸ ਦੂਏ ਵਿਚ ਕਿੱਥੋਂ ਧਰਿਆ,
ਜੋ ਤੈਨੂੰ ਭਰਮਾਵੇ ?
ਰਸ ਆਪਣਾ ਜੋ ਲਖੇ ਦੂਏ ਤੋਂ
ਤੇਰਾ ਹਈ ਉਛਾਲਾ-
ਸਮਝ, ਸੰਭਾਲ ਉਛਾਲ ਆਪਣਾ
ਟੋਟਾ ਫੇਰ ਨ ਆਵੇ ॥ ੪੯ ॥



www.sikhbookclub.com

## ਰੌਸ਼ਨ ਆਰਾ (ਸਮਾਧ ਚੋਂ)

ਕਿਉਂ ਜਚਦੇ ਹਨ ਕਦਮ ਤੁਸਾਡੇ
ਬਾਗ਼ ਆਸਾਡਾ ਵੜਦੇ
ਅਰਜ਼ ਨ ਕਰਦੇ, ਮੰਗ ਨ ਮੰਗਦੇ,
ਪੱਲਾ ਅਸੀਂ ਨ ਫੜਦੇ.
ਖ਼ਾਕ ਬਾਗ਼ ਵਿਚ ਖ਼ਾਕ ਹੋ ਗਏ
ਹੈ ਨਿਸ਼ਾਨ ਇਕ ਬਾਕੀ,
ਭਲਾ ਜੇ 'ਸਾਡੀ ਯਾਦ' ਕਦੇ ਇਹ
ਦਿਲ ਤੁਹਾਡੇ ਮੁੜ ਜੜਦੇ ॥੫੦॥

## ਰੌਸ਼ਨ ਆਰਾ ਯਾਤ੍ਰੀਆਂ ਨੂੰ—

ਮੇਰੀ ਕਬਰ ਉਦਾਲੇ ਕੁਦਰਤ
ਬਾਗ਼ ਸੁਹਾਵਾ ਲਾਇਆ,—
ਬਾਗ਼ ਸੈਰ ਨੂੰ ਸਭ ਕੁਈ ਆਵੇ,
ਕਬਰੋਂ ਪਰੇ ਰਹਾਇਆ,—
ਲੋਥ ਨਹੀਂ, ਵੇ ਲੋਕੋ, ਮੈਂ ਹਾਂ,
ਕਿਉਂ ਜਚਦੇ ਤੇ ਹਟਦੇ ?
ਫੁਲ, ਫਲ, ਫਲੀ, ਕਲੀ ਤੇ ਪੱਤੇ,
ਮਰੀਓਂ ਰੂਪ ਵਟਾਇਆ ॥੫੧॥

## ਦਿੱਲੀ ਦੀ ਇਕ ਬੇਨਿਸ਼ਾਂ ਸਮਾਧ

ਜੀਂਵਦਿਆਂ ਨਾ ਮਿਲਿਆ ਸੁਹਣਾ,
ਅੰਤ ਸਮੇਂ ਨਾ ਆਇਆ,
ਮੁਖ ਯਾਤ੍ਰਾ ਨਾ ਕੀਤਜੁਸ ਆਕੇ
ਸਿਹਰਾ ਬੀ ਨਾ ਭਿਜਵਾਯਾ,
ਬਣੀ ਸਮਾਧ, ਜਗਤ ਆ ਢੁੱਕਾ,
ਸੁਹਣੇ ਝਾਤਿ ਨਾ ਪਾਈ,
ਸ਼ਾਲਾ ! ਮਿਟੇ ਨ ਤਾਂਘ ਅਸਾਡੀ,
ਤੁਸੀਂ ਕਰੋ ਮਨ ਭਾਇਆ ॥੫੨॥

## ਆਪੇ ਵਿਚ ਆਪਾ

ਅੰਮੀਂ ਨੀ ! ਕਲਵਲ ਹੋ ਉਠੀਆਂ
ਮੈਂ ਡਿੱਠਾ ਇਕ ਸੁਪਨਾ ਸੀ,–
ਮੇਰੀ 'ਮੈਂ' ਵਿਚ ਹੋਰ ਕੋਈ ਨੀ
ਦਿਸਨਾ ਸੀ ਪਰ ਛੁਪਨਾ ਸੀ।
ਮੁਹਦਾ ਤੇ ਝਰਨਾਟ ਛੇੜਦਾ,
ਚਸਕ ਮਾਰ ਠੰਢ ਪਾਵੇ ਓ,–
ਦੱਸ ਕੌਣ ਓ, ਕਦੋਂ ਵੜ ਗਿਆ
ਕਿਉਂ ਦਿਸਨਾ, ਕਿਉਂ ਲੁਕਨਾ ਸੀ ? ॥੫੩॥

# ਜੌਹਰੀ

ਸ਼ਹੁ ਦਰਿਯਾਵੇ ਖੇਡੰਦੜੀ ਨੂੰ
ਗੀਟੜੀਆਂ ਲਭ ਪਈਆਂ,
ਨਵੇਂ ਰੰਗ ਤੇ ਨਵੇਂ ਵੰਨ ਤੇ
ਨਵੇਂ ਸੁਹਜ ਫਬ ਰਹੀਆਂ,
ਪਰ ਮੈਂ ਗੀਟੀਆਂ ਵਾਂਗ ਉਛਾਲਾਂ
ਬਾਲਾਂ ਵਾਂਙੂ ਖੇਡਾਂ,
ਉਤੋਂ ਆ ਨਿਕਲਜਾ ਇਕ ਜੌਹਰੀ
ਉਨ੍ਹ ਗੀਟੀਆਂ ਚਾ ਲਈਆਂ ॥੫੪॥
ਦੇਖ ਪਰਖ, ਸਿਰ ਫੇਰਿ ਆਖਦਾ :
ਕੀ ਇਨ੍ਹ ਨਾਉਂ ਧਰਾਵੀਂ ?
ਨਾ ਨੌ ਰਤਨ, ਚੁਰਾਸੀ ਸੰਗ ਨ*,
ਕੀਮਤ ਕਿਵੇਂ ਜਚਾਵੀਂ ?'
ਅਸਾਂ ਕਿਹਾ, ਛੱਡ ਖਹਿੜਾ ਹਾਲੇ,
ਖੇਡਣ ਦੇਹ ਖ਼ਾਂ ਸਾਨੂੰ,
'ਗਿਣਤੀ ਜਦੋਂ ਤ੍ਰਿਆਨਵਿਓਂ† ਤੇਰੀ
ਵਧੂ, ਮੁੱਲ ਆ ਪਾਵੀਂ ॥ ੫੫ ॥

---

*ਰਤਨ ਨੌਂ ਹੁੰਦੇ ਹਨ, ਸੰਗ (ਪੱਥਰ) ਚੁਰਾਸੀ ਗਿਣੀਂਦੇ ਹਨ ।
†੯+੮੪=੯੩



 www.sikhbookclub.com

## ਬੰਦ-ਖਲਾਸੀ

ਸਾਨੂੰ ਅਜਬ ਸ਼ਿਕਾਰੀ ਮਿਲਿਆ
ਫੜ ਪਿੰਜਰੇ ਵਿਚ ਪਾਂਦਾ,
ਪਰ ਪਿੰਜਰਾ ਨਾ ਬੰਦ ਕਰਾਂਦਾ,
ਖਿੜਕੀ ਖੁਲ੍ਹੀ ਰਹਾਂਦਾ।
ਅਸੀਂ ਕਦੇ ਜੇ ਬੰਦ ਕਰਾਈਏ,
ਉਹ ਫਿਰ ਖੂਹਲੇ ਖਿੜਕੀ,
'ਬੰਦ-ਖਲਾਸੀ' ਕਰਕੇ ਕੱਠੀਆਂ,
ਅਚਰਜ ਰੰਗ ਜਮਾਂਦਾ॥ ਪ੯॥

OOOO

# ੨. ਜੀਵਨ ਕੀ ਹੈ ?


www.sikhbookclub.com

# ਦੋ ਗੱਲਾਂ :—

ਜੀਵਨ ਕੀ ਹੈ ? (ਜ਼ਿੰਦਗੀ ਕਿਆ ਹੈ ?) ਇਕ ਸੁਆਲ ਹੈ ਜੋ ਹਰ ਦਿਲ ਵਿਚ ਲਹਿਰਦਾ,–ਕਿਤੇ ਐਵੇਂ, ਕਿਤੇ ਗੁਦਗੁਦੀ ਕਰਕੇ, ਕਿਤੇ ਚੰਗੀ ਤਰ੍ਹਾਂ ਹਿੱਲਕੇ, ਕਿਤੇ ਡੂੰਘ ਪਾਕੇ, ਤੇ ਕਿਤੇ ਘਾਉ ਲਾ ਕੇ ਛੱਡਦਾ ਹੈ। ਕਵਿਤਾ, ਦਰਸ਼ਨ (ਫ਼ਿਲਸਫ਼ਾ), ਧਰਮ ਦਾ ਸਾਹਿਤ੍ਯ ਇਸੇ ਪ੍ਰਸ਼ਨ ਦੇ ਲਾਏ ਘਾਵਾਂ ਦੇ ਇਲਾਜ ਮਾਲਜੇ ਹਨ। 'ਨਿਰਾਸਤਾ, ਉਦਾਸੀਨਤਾ, ਉਪ੍ਰਾਮਤਾ, ਤ੍ਯਾਗ' ਕਿਤੇ ਇਸ ਦੀ ਮੱਲ੍ਹਮ ਬਣਦੇ ਹਨ, 'ਹਉਂ, ਗ੍ਰਹਣ, ਜ਼ੋਰ, ਜਬਰ' ਕਿਤੇ ਇਸਦੇ ਉਪਰਾਲੇ ਹੁੰਦੇ ਹਨ, ਪਰ ਇਸ ਪ੍ਰਸ਼ਨ ਦੇ ਘਾਉ ਇਸ ਤਰ੍ਹਾਂ ਹਰੇ ਹੀ ਰਹਿੰਦੇ ਹਨ। 'ਜੀਵਨ' ਜੋ ਕੁਛ ਹੈ, ਪ੍ਰਸ਼ਨੋਤਰ ਦਾ ਮੁਥਾਜ ਨਹੀਂ, ਵਿਚਾਰ ਗੋਚਰਾ ਨਹੀਂ। ਏਹ 'ਜੀਵਨ' ਜੀਉਂਦਿਆਂ ਨੇ ਆਪੇ ਸੋਚਾਂ ਤੇ ਆਸ ਅੰਦੇਸਿਆਂ ਨਾਲ, ਜੋ ਕੁਛ ਕਿ ਇਹ ਸੀ ਉਸ ਤੋਂ ਹੋਰਵੇਂ ਦਾ ਹੋਰਵੇਂ ਕਰ ਰੱਖਿਆ ਹੈ। ਸੋਚਾਂ, ਵਿਚਾਰਾਂ ਉਸ ਨੂੰ ਅਸਲੇ ਤੇ ਨਹੀਂ ਲਿਆਉਂਦੀਆਂ। ਜੀਵਨ ਜੋ ਕੁਛ ਹੈ, ਉਹ ਜਿਸਦੇ ਪਾਸ ਹੈ, ਅਥਵਾ ਜੀਉਂਦਾ ਕੋਈ ਹੋਵ-ਜੋ ਜੀਵਨ ਨੂੰ ਐਉਂ ਜੀਉ ਰਿਹਾ ਹੋਵੇ ਕਿ ਜਿਵੇਂ ਇਹ ਆਪਣੀ ਅਰੋਗਤਾ ਵਿਚ (ਅਸਲ ਵਿਚ) ਹੁੰਦਾ ਹੈ ਤਦ-ਉਸਦੀ ਛੋਹ ਉਸਦਾ ਹੁਸਨ-ਨਜ਼ਾਰਾ ਜੀਵਨ ਦੀ ਅਰੋਗਤਾ ਲਿਆਉਂਦਾ ਹੈ।

ਇਸ ਨਿੱਕੀ ਜੇਹੀ ਕਵਿਤਾ ਵਿਚ 'ਜੀਵਨ ਕੀ ਹੈ ?' ਦੇ ਪ੍ਰਸ਼ਨ ਦੀ ਅੰਤਰ-ਆਤਮੇਂ ਇਕ ਰੋਗਣ ਇਸ ਦੇ ਇਲਾਜ ਲਈ

ਸਿਰ ਟਕਰਾਂਦੀ ਇਕ ਛੰਭ ਤੇ ਆ ਕੇ ਆਪਣੇ ਬਾਵਰੇਪਨ ਵਿਚ ਇਹੋ ਪ੍ਰਸ਼ਨ ਛੰਭ ਤੇ ਕਰਦੀ ਹੈ। ਛੰਭ ਤੋਂ 'ਫਿਰ ਆਵੀਂ' ਦੀ ਆਵਾਜ਼ ਉਸ ਨੂੰ ਸੁਣਾਈ ਦੇਂਦੀ ਜਾਪਦੀ ਹੈ। ਕੁਛ ਦਿਨਾਂ ਮਗਰੋਂ ਉਹ ਫੇਰ ਆਉਂਦੀ ਹੈ, ਛੰਭ ਵਿਚ ਕਵਲਾਂ ਦੇ ਪੱਤੇ ਆ ਜਾਂਦੇ ਹਨ, ਇਹ ਵੇਖ ਕੁਛ ਗੱਲਾਂ ਕਰਦੀ ਹੈ, ਪਰ 'ਫੇਰ ਆਵੀਂ' ਦੀ ਸੱਦ ਸੁਣਦੀ ਹੈ। ਫੇਰ ਫੇਰ ਆਉਂਦੀ ਕਵਲਾਂ ਦੀਆਂ ਗੰਦਲਾਂ ਤੇ ਸਿਰ ਨਿਹੁੜਾਈਆਂ ਕਲੀਆਂ, ਫੇਰ ਸਿੱਧੀਆਂ ਕਲੀਆਂ ਆਦਿ ਵੇਖਦੀ, ਗੱਲਾਂ ਕਰ ਕਰ ਟੁਰ ਜਾਂਦੀ ਹੈ। ਅੰਤ ਇਕ ਦਿਨ ਸਾਰਾ ਸਰੋਵਰ ਕਵਲ ਫੁਲਾਂ ਨਾਲ ਖਿੜ ਜਾਂਦਾ ਹੈ। ਉਹ ਖੇੜੇ ਦਾ ਹੁਸਨ ਨਜ਼ਾਰਾ, ਉਹ ਅਝੱਲ ਸੁੰਦਰਤਾ ਦੀ ਛਬੀ ਵੇਖ ਐਸੀ ਖਿੜਦੀ ਹੈ ਕਿ ਉਸਦਾ ਜੀਵਨ ਅਸਲ ਦੇ ਰੰਗ ਵਿਚ ਖਿੜ ਜਾਂਦਾ ਹੈ। 'ਜੀਵਨ ਇਹ ਹੈ' ਉਸ ਦੇ ਉੱਤੇ ਵਰਤ ਜਾਂਦਾ ਹੈ, ਫੇਰ ਛੰਭ ਤੋਂ ਪ੍ਰਸ਼ਨ ਕਰਨ ਦਾ ਫੁਰਨਾ ਨਹੀਂ ਫੁਰਦਾ। ਪ੍ਰਸ਼ਨ ਉੱਤਰ ਤਾਂ ਜੀਵਨ ਦੇ ਆਪਣੇ ਅਸਲੇ ਦੇ ਰੰਗ ਤੋਂ ਢੈ ਜਾਣ ਦੇ ਮਕਾਨ ਦੀਆਂ ਗੱਲਾਂ ਸਨ, ਜਦ ਖਿੜ ਪਏ, ਯਾ ਹੋ ਗਏ ਓਹ, ਜੋ ਜੀਵਨ ਹੈ, ਤਾਂ ਹੁਣ ਪੁੱਛੇ ਕੌਣ, ਕਿਉਂ ਤੇ ਕੀ ? ਜੀਵਨ ਖੇੜਾ ਹੈ।

–ਕਰਤਾ

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

❁❁❁

# ਜੀਵਨ ਕੀ ਹੈ ?

❁❁❁

ਪਾਰੇ ਦੇ ਡਲ ਵਾਂਙ ਛੰਭ ਇਕ
ਚਿੱਟਾ ਸਾਫ ਸੁਹਾਵਾ,
ਮੂੰਹ ਮੂੰਹ ਭਰਿਆ, ਡਲ੍ਹ ਡਲ੍ਹ ਕਰਦਾ,
ਦੱਸੇ ਅਜਬ ਦਿਖਾਵਾ।
ਨਿੱਕੀ ਨਿੱਕੀ ਰਿਵੀ ਰੁਮਕਦੀ,
ਲਹਿਰ ਉਠੇਂਦੀ ਨਿੱਕੀ,
ਕਰਦੀ ਪਯਾਰ, ਗਲੇ ਜਲ ਲਗਦਾ,
ਵਗਦੀ ਪੌਣ ਲੜਿੱਕੀ।
ਚੰਦ ਅਕਾਸ਼ਾਂ ਦੇ ਵਿਚ ਫਿਰਦਾ
ਜਲ ਵਿਚ ਝਾਤੀ ਮਾਰੇ,
ਜਲ ਨਿਰਮਲ ਉਸ ਜੱਫੀ ਪਾਕੇ
ਅਪਣੇ ਵਿੱਚ ਉਤਾਰੇ।
ਇਕ ਚੰਦਾ ਵਿਚ ਅੰਬਰ ਫਿਰਦਾ
ਰੂਪ ਅਡੋਲ ਸੁਹਾਵੇ,

ਦੂਜਾ ਚੰਦ ਛੰਭ ਵਿਚ ਡਲ੍ਹਕੇ,
ਡੋਲੇ ਤੇ ਲਹਿਰਾਵੇ।
ਤਾਰੇ ਵਿੱਚ ਅਕਾਸ਼ਾਂ ਚਿਤਰੇ,
ਲਟਕ ਗਏ ਵਿਚ ਸਰ ਦੇ,
ਨੀਲਾ ਹੇਠ ਅਕਾਸ਼ ਵਿਛਾਕੇ,
ਖਿਲਰੇ, ਜਲ ਵਿਚ ਤਰਦੇ।
ਡਲ੍ਹਕ ਆਪਣੀ, ਡੋਲਣ ਜਲ ਦੀ,
ਦੋ ਡਲ੍ਹਕਾਂ ਰਲ ਗਈਆਂ,
ਵਿੱਚ ਡੂੰਘਾਣਾਂ ਅਰਸ਼ੀ ਮੌਜਾਂ
ਦੂਣੀਆਂ ਹੋ ਹੋ ਪਈਆਂ।
ਅਜਬ ਸਫਾਈ ਨੀਰ ਤੁਧੇ ਦੀ
ਜਿਸ ਨੇ ਬੰਨ੍ਹ ਉਤਾਰੀ,
ਸਾਰੀ ਛਬੀ ਅਕਾਸ਼ਾਂ ਵਾਲੀ!
ਅਪਣੇ ਵਿੱਚ ਖਿਲਾਰੀ।
ਗੰਦਲ ਕੁਆਰ ਵਾਙ ਇਕ ਲੰਮੀ
ਡੀਲ ਸੁਹਾਵੀ ਵਾਲੀ,
ਪਤਲੀ ਤੇ ਕੁਝ ਨਾਜ਼ਕ-ਕੋਮਲ,
ਜਾਪੇ ਭੋਲੀ ਭਾਲੀ,
ਆ ਨਿਕਲੀ ਮੁਟਿਆਰ ਏਸ ਥਾਂ,
ਗਰਮ ਗਰਮ ਸਾਹ ਭਰਦੀ,
ਨਰਮ ਨਰਮ ਧਰ ਪੈਰ ਤੁਰੇਂਦੀ,
ਚਿਹਰੇ ਛਾਈ ਜ਼ਰਦੀ।

ਕਦਮ ਕਦਮ ਤੇ ਅੜਕੇ, ਝਿਜਕੇ,
ਉੱਪਰ ਹੇਠ ਤਕਾਵੇ,

ਅੱਗੇ ਪਿੱਛੇ ਨਜ਼ਰ ਮਾਰਕੇ
ਠਹਿਰੇ, ਨੈਣ ਮਿਟਾਵੇ।

ਸੋਚ ਵਿਚ ਡੁਬ ਜਾਵੇ ਸਾਰੀ,
ਤ੍ਰਬ੍ਰਕ ਅੱਖੀਆਂ ਖੁਹਲੇ,

ਸੁਣ ਕੇ ਨੈਣ ਕਟੋਰੀਆਂ ਵਰਗਜੇਂ
ਨੀਰ ਛਮਾਂ ਛਮ ਡੁਹਲੇ।

ਭਰੇ ਹਾਹੁਕੇ ਕਹੇ "ਹਾਇ ! ਹੈ ਕਾਹਨੂੰ
ਏ ਕੁਛ ਬਣਿਆ ?

'ਕੀ ਹੈ, ਤੇ ਏ ਕਿਉਂ ਹੈ ਸਾਰਾ
ਪੇਟਾ ਤਾਣਾ ਤਣਿਆਂ ?

" 'ਮੈਂ ਜੀਂਦੀ', ਮੈਂ ਜਾਣਾ 'ਜੀਂਦੀ',
'ਹਾਂ ਜੀਵਨ' ਮੈਂ ਜਾਣਾਂ,

"ਪਰ ਏ 'ਜੀਵਨ' ਕੀ ਹੈ ਵਸਤੂ ?
ਕੀ ਹੈ ਇਸਦਾ ਮਾਣਾ ?

"ਮੈਂ ਵਰਗੇ ਲਖ ਹੋ ਹੋ ਮਰ ਗਏ
ਸਮਝੇ ਨਾ 'ਕਿਉਂ ਹੋਏ',-

" 'ਹੋਂਦ ਆਪਣੀ' ਲਖੀ ਨ 'ਕੀ ਹੈ',
ਬਿਨ ਸਮਝੇ 'ਹੋ ਮੋਏ'

"ਲੱਖਾਂ ਹੋਕੇ ਲੱਗ ਰਹੇ ਹਨ
ਆਸ ਅੰਦੇਸਿਆਂ ਅੰਦਰ,



 www.sikhbookclub.com

ਫਸੇ ਧੁਨਾਂ ਵਿਚ ਫਿਰਦੇ ਜੀਕੂੰ
ਵਿਚ ਚਿਕਾਬੂ ਮੰਦਰ।
"ਹੈ,'ਵੇ' ਤੇ ਏ ਜਾਪੇ 'ਹੈਵੇ',
ਪਰ 'ਕੀ ਹੈ ?' ਨਾ ਜਾਪੇ।
" 'ਕਿਉਂ ਹੈ ?' ਤੇ ਏ 'ਕੀਕੂੰ ਹੈਵੇ ?'
ਇਹ ਗੱਲ ਨਹੀਂ ਸਿਞਾਪੇ।
"ਮੈਨੂੰ ਕੀ ਏ ਰੋਗ ਲੱਗ ਰਿਆ
ਕਿਉਂ ਇਹ ਭੇਤ ਖੁਲ੍ਹਾਵਾਂ ?
"ਤੜਫਾਂ ਕਿਵੇਂ ਬੁਝਾਰਤ ਬੁੱਝਾਂ-
ਆਪਾ ਕਿਵੇਂ ਤਕਾਵਾਂ ?
'ਦੱਸ 'ਜਿੰਦੇ !' ਤੂੰ ਹੈਂ ਕੀ ਅੜੀਏ,
ਪੰਡ ਵਲਵਲੇ ਵਾਲੀ ?
"ਝਰਨਾਟਾਂ ਜੋ ਜਾਣ ਨ ਝਲੀਆਂ
ਆਪੇ ਛੇੜਨ ਵਾਲੀ ?
"ਹਸਰਤ, ਆਸ, ਨਿਰਾਸਾ ਟੋਏ
ਆਪੇ ਵਿਚ ਉਪਜਾਵੇਂ,
"ਆਪ ਵਿਰਾਗਨ ਹੋ.ਕੇ, ਅੜੀਏ !
ਆਪ ਡੋਬ ਪਈ ਖਾਵੇਂ।
"ਉਠਨ ਉਮੰਗਾਂ ਤੇ ਚਾ ਉੱਚੇ,
ਖਿੱਚ ਧੂਹ ਲਿਜਾਵਨ,
"ਕਾਂਬਾ ਛਿੜੇ, ਥਰ੍ਰਾਟਾਂ ਥਰਕਨ,
ਲਹਿਰਾਂ ਕਹਿਰ ਮਚਾਵਨ।

''ਆਪਾ ਪਿਆ ਸਦੱਕੜ ਹੋਵੇ
ਕਿਸ ਤੋਂ ? ਪਤਾ ਨ ਲੱਗੇ,
''ਕਿਸਦੇ ਪਜਾਰ ਖਿਚੀਂਦਾ ਜਾਵੇ ?
ਕੌਣ ਪਿਆ ਸੂ ਠੱਗੇ ?
''ਕਦੇ ਅਕਲ ਵਿਚ ਆਵੇਂ ਜਿੰਦੇ !
ਦਾਨੀ ਹੋ ਹੋ ਸੋਚੇਂ,
''ਸੋਚੀਂ ਤਰੇਂ ਰੁੜ੍ਹੇਂ ਤੇ ਡੁੱਬੇਂ,
ਉਛਲ ਉਛਾਲੇ ਬੋਚੇਂ,
'ਠੁਹਕਰ ਖਾਇ ਕਿਤੋਂ ਮੁੜ ਆਵੇਂ,
ਭੇਤ ਨ ਸਾਰਾ ਖੁੱਲ੍ਹੇ -
''ਕਿਉਂ ਹੋਯਾ?'' 'ਏ ਜੀਵਨ ਕੀ ਹੈ ?'
'ਆਪਾ ਕਿਉਂ ਹਾਂ ਭੁੱਲੇ ?
''ਹਾਇ, ਕਰਾਂ ਕੀ ? ਮੈਨੂੰ ਜਿੰਦੇ !
ਖਾਵਣ ਪੀਣ ਨ ਭਾਵੇ,
''ਕੋਈ ਸ੍ਵਾਦ ਨਾ ਮੋਂਹਦਾ ਆਕੇ,
'ਦਿਸਦਾ' ਨਾ ਪਰਚਾਵੇ ।
''ਤੂੰ ਕੀ ਹੈਂ ? ਤੂੰ ਦੱਸ ਅਸਾਨੂੰ,
ਅੜੀਏ ਹੋਰ ਖਪਾ ਨਾ,
''ਬਹੁਤ ਰੁਲਾਯਾ ਹਈ ਅਸਾਨੂੰ,
ਭੁਆਲੀ ਹੋਰ ਪੁਆ ਨਾ ।
''ਦੱਸ ਕੌਣ ਤੂੰ ? ਕੀ ਹੈਂ ਸਖੀਏ !
ਹੁਣ ਦੱਸਣੋਂ ਨਾ ਨੱਸੀਂ ।


www.sikhbookclub.com

ਅਪਣਾ ਆਪ ਲੁਕਾਯਾ ਜਿਹੜਾ
ਖੁਹਲ ਅਸਾਨੂੰ ਦੱਸੀਂ ?
"ਮੈਨੂੰ ਭਰਮ ਪਏ ਨੀਂ ਜਿੰਦੇ !
ਤੂੰ ਪਰਦੇ ਵਿਚ ਬਹਿੰਦੀ,
"ਭੋਰਾ ਰੂਪ ਦਿਖਾਵੇਂ, ਬਾਕੀ
ਲੁਕੀ ਪਰਦਿਆਂ ਰਹਿੰਦੀ,
'ਨਿੱਕੀ ਰਮਜ਼ ਅਕਲ ਦੀ ਮਾਰੇਂ,
ਹੋਰ ਨ ਕੁੱਝ ਦਿਖਾਵੇਂ,
"ਬਾਕੀ ਆਪਾ ਲੁਕਿਆ ਤੇਰਾ
ਸਾਨੂੰ ਨਾ ਦਿਸਿ ਆਵੇ।
"ਜਦੋਂ ਵਲਵਲੇ, ਸਿੱਕਾਂ, ਸੱਧਰਾਂ,
ਖਿੱਚਾਂ ਪੈਣ, ਹਿਲਾਵਨ,
"ਕਸਕ ਕਸਕਦੀ ਟੁੰਬ ਝੰਝੋਲੇ,
ਹਿੱਲ ਹਿਰੋਲੇ ਆਵਨ,
"ਤਦੋਂ ਕਰਾਂ ਕੀ, ਜਿੰਦੇ ਮੇਰੀ !
ਕਿੱਥੋਂ ਉਹ ਕੁਛ ਲਜਾਵਾਂ,
ਜਿਸਦੇ ਨਾਲ ਅਪੂਰਨ ਹੋਈ
ਤੈਨੂੰ ਭਰ ਦਿਖਲਾਵਾਂ ?
"ਹਾਇ ! ਦੱਸ ਤੂੰ ਜਿੰਦੜੀ ! ਮੈਨੂੰ,
ਮੈਂ ਰੋ ਰੋ ਮਰ ਲੱਥੀ,
" 'ਤੂੰ ਕੀ ਹੈਂ ?' ਤੂੰ ਖੁਹਲ ਦਖਾ ਦੇ
ਅਪਨਿ ਕਲਾ ਦੀ ਹੱਥੀ ॥"

ਐਦਾਂ ਸੋਚ, ਬਾਊਲੀ ਹੁੰਦੀ,
ਆਪੇ ਦੇ ਵਿਚ ਆਂਦੀ,
ਆਪੇ ਤੋਂ ਹੋ ਬਾਰੁ ਗ਼ਰਕਦੀ
ਸੁੰਨ ਮੁੰਨ ਹੋ ਜਾਂਦੀ,
ਤੁਰਦੀ, ਅਝਕ, ਬੈਠ, ਉਠ ਤੁਰਦੀ
ਸਹਿਜੇ ਸਹਿਜੇ ਆਈ,
ਓਸ ਛੰਭ ਤੇ ਆਣ ਖਲੋਤੀ,
ਮੌਜ ਦੇਖ ਟਕ ਲਾਈ।
ਆਖੇ; "ਵਾਹਵਾ ਜੌਬਨ ਮੱਤੇ
ਸੁੱਭਰ ਭਰੇ ਸੁਹਾਵੇ!
"ਠੰਢ ਪਈ ਤੈਂ ਦੇਖ ਰੂਪ ਨੂੰ
ਸੁਹਣੇ ਸਜੇ ਤਲਾ ਵੇ!
'ਕਿਉਂ ਤੂੰ ਸੁਹਣਾ ਸੁਖੀ ਦਿਸੀਵੇਂ
ਲਹਿਰਾਂ ਲਏਂ ਹੁਲਾਰੇ!
"ਜੀਵਨ ਦੇ ਕੀ ਭੇਤ ਖੁਲ੍ਹੇ ਹਨ
ਤੈਂ ਪਰ ਆਨ ਪਿਆਰੇ!
'ਕਿਉਂ ਸੰਤੁਸ਼ਟ, ਰੱਜਿਆ, ਰਾਜ਼ੀ,
ਬਿਨ ਹਸਰਤ ਦਿਸਿ ਆਵੇਂ?
"ਝਲੂਕੇ ਤੇ ਵਾ ਭੱਖੇਂ ਸੁਹਣੀ,
ਅਰਸ਼ੀ ਰੰਗ ਦਿਖਾਵੇਂ?
"ਦੱਸ ਸੱਜਣਾ ਜੀਵਨ ਕੀ ਹੈ
ਜੀਵਨ ਸਾਨੂੰ ਦੱਸੀਂ?

'ਖੁਹਲੀਂ ਭੇਤ ਹਸਾਵੀਂ ਸਾਨੂੰ,
ਫਿਰ ਤੂੰ ਸੁਹਣਿਆਂ ਹੱਸੀਂ ?''
'ਸਰਰ ਸਰਰ' ਇਕ ਧੁਨੀ ਅਨੋਖੀ
ਉਸ ਸਰ ਵਿਚੋਂ ਆਈ,
ਮਾਨੋਂ ਕੁਈ ਅਪੱਸਰਾ ਜਲ ਤੋਂ
ਸੁਰ ਪਜਾਰੀ ਵਿਚ ਗਾਈ:-
''ਫਿਰ ਆਨਾ ਫਿਰ ਆਨਾ ਆਨਾ
ਆਨਾ ਆਨਾ ਆਨਾ'
''ਫਿਰਜੀ,ਫਿਰਜੀ,ਫਿਰ ਫਿਰ, ਫਿਰ ਫਿਰ
ਫਿਰ ਆਨਾ, ਫਿਰ ਆਨਾ''।
ਠੰਢਾ ਸਾਹ ਸਹੂਲਤ ਵਾਲਾ
ਮੁਟਿਆਰਨ ਨੂੰ ਆਇਆ,
ਆਸਾਂ ਬੰਨ੍ਹ ਉਮੈਦਾਂ ਲਜਾਈ
ਕਦਮ ਪਿਛਾਂਹਾ ਪਾਇਆ।

---

ਸੂਰਜ ਅਜੇ ਨੇ ਟਿੱਕੀ ਨਿਕਲੀ,
ਲਾਲੀ ਭਾਹ ਨ ਛਾਈ,
ਚਿੜੀ ਚੂਹੱਕੀ ਅਜੇ ਨ ਹੈਸੀ
ਪਹੁ-ਫੁਟ ਅਜੇ ਨ ਆਈ।
ਉਹ ਮੁਟਿਆਰ ਕਈ ਦਿਨ ਮਗਰੋਂ
ਇਕ ਦਿਨ ਅੰਮ੍ਰਿਤ ਵੇਲੇ
ਉਸ ਸਰ ਦੇ ਫਿਰ ਕੰਢੇ ਆਈ,
ਲੈ ਦਿਲ-ਵਹਿਣ ਝਮੇਲੇ।

ਕੀ ਦੇਖੇ ਉਸ ਸਰਵਰ ਅੰਦਰ
ਜਲ ਦੇ ਉੱਪਰ ਤਰਦੇ
ਗੋਲ ਗੋਲ ਤੇ ਸਾਵੇ ਸਾਵੇ
ਪਤਰ ਡਲ੍ਹ ਡਲ੍ਹ ਕਰਦੇ ।
ਪਾਣੀ ਦੇ ਗਲ ਲੱਗੇ ਹੋਏ,
ਕੁਛ ਹਨ ਉੱਚੇ ਹੋਏ;
ਕਿੰਨਿਆ ਉਪਰ ਨੀਰ ਤਰੁਪਕੇ
ਮੋਤੀ ਜਿਉਂ ਡਲ੍ਹਕੇਏ।
ਚਮਕਣ ਤੇ ਡਲ੍ਹਕਣ ਏ ਤੁਪਕੇ
ਕੰਬਣ ਤੇ ਫਿਰ ਟਿਕਦੇ
ਆਭਾ ਦੇਣ ਲੋਚਨਾਂ ਵਾਲੀ,
ਨੈਣ ਜਿਵੇਂ ਕੋਈ ਸਿਕਦੇ।
ਚਾਨਣ ਭੀ ਹੁਣ ਵਧਿਆ ਸੁਹਣਾ
ਪੁਰਿਓਂ ਆਈ ਲੋਈ,
ਪਹੁ ਦੀ ਚਿੱਟੀ ਚਾਦਰ ਵਿਛ ਗਈ,
ਚਿਹ ਚਿਹ ਬਨ ਵਿਚ ਹੋਈ ।
ਜੋਬਨ ਦੇਖ ਮਸਤੀਆਂ ਭਰਿਆ;
ਠੰਢ ਟਿਕਾਉ ਨਿਰਾਲਾ।
ਦੂਣੀ ਪੱਤ ਸੁਹਾਵੀ ਸਜਿਆ,
ਛੰਭ ਪੱਤਿਆਂ ਵਾਲਾ
ਕਹਿੰਦੀ ਨਾਰਿ "ਭਰੇ ਤੇ ਮੱਤੇ
ਲਹਿ ਲਹਿ ਕਰਦੇ ਸਰ ਜੀ !

"ਕੀ ਹੈ ਜੀਵਨ ? ਦੱਸੋ ਮੈਨੂੰ
ਚਿੰਤਾ ਦੇਵੇਂ ਹਰ ਜੀ !
"ਗੋਲ ਗੋਲ ਤੇ ਸਾਵੇ ਸਾਵੇ
ਚੱਕਰ ਤੈਂ ਵਿਚ ਛਾਏ,
"ਕਿਸੇ ਕਿਸੇ ਤੇ ਪਾਣੀ ਤੁਪਕੇ
ਮੋਤੀ ਜਿਉਂ ਡਲ੍ਹਕਾਏ।
"ਕੀ ਜੀਵਨ ਏ ਗੋਲ ਚੱਕਰੀ
ਨਿਰੀ ਡਲ੍ਹਕ ਇਕ ਜਾਣਾਂ ?
"ਪਿਆ ਨਿਤਾਣਾ ਹੈ ਸਰਵਰ ਵਿਚ
ਭੇਤ ਹਿਠਾਂਹ ਛੁਪਾਣਾਂ ?
"ਕਿੱਥੋਂ ਤੇ ਕਿਉਂ ਆਏ ਸਾਰੇ
ਕੀ ਕਰਨੇ ਨੂੰ ਆਏ ?
"ਚੁੱਪ ਮੁਹਰ ਹੈ ਲੱਗੀ ਸਭ ਨੂੰ
ਸਿਰ ਸਿਟ ਦਿਲ ਦਿਖਲਾਏ ?"
ਰੁਮਕ ਰੁਮਕ ਪੱਛੋਂ ਤੋਂ ਆਈ
ਪਉਣ ਪਿਆਰੀ ਝੁਲਦੀ,
ਸਰ ਦੇ ਜਲ ਤੇ ਜਲ ਦੇ ਪੱਤੇ
ਸਭ ਦੇ ਗਲ ਲਗ ਚਲਦੀ.
'ਸਰਰ ਸਰਰ, ਸਰ ਸਰਰ ਸਰਰ ਜਿਉਂ'
ਧੁਨੀ ਛੰਭ ਤੋਂ ਆਵੇ,
ਮਾਨੋਂ ਜੀਭ ਲਗੀ ਹੈ ਸਰ ਨੂੰ
ਇਹ ਗਲ ਆਖ ਸੁਣਾਵੇ :–

"'ਆਵੀਂ ਫਿਰ ਤੂੰ ਫਿਰਰ ਫਿਰਰ ਤੂੰ
ਫਿਰ ਆਵੀਂ ਫਿਰ ਆਈਂ,
"'ਫਿਰ ਫਿਰ ਫਿਰ ਫਿਰ" ਸਰ ਜੀ ਕਹਿੰਦਾ
'ਆਵੀਂ ਫਿਰ ਤੂੰ ਆਈਂ"।

---

ਪੱਛੋਂ ਜਾ ਧਰਤੀ ਦੇ ਉਹਲੇ
ਸੂਰਜ ਟਿੱਕੀ ਟਿਕਦੀ,
ਟਿਕਦੀ, ਲਹਿੰਦੀ, ਚਮਕ ਘਟੇਂਦੀ
ਹੇਠਾਂ ਹੇਠਾਂ ਡੁਬਦੀ।
ਲਾਲੀ ਲਾਲ ਛਈ ਅਸਮਾਨੀਂ
ਸੂਰਜ ਗਿਆਂ ਨਿਸ਼ਾਨੀ,
ਚਿੱਟੀ ਭਾਹ ਪਸਰ ਗਈ ਸਾਰੇ,
ਟੁਰਦੀ ਇਹ ਬੀ ਜਾਨੀ।
ਇਸ ਵੇਲੇ ਕੁਛ ਦਿਨਾਂ ਬਿਤੀਤੇ
ਫਿਰ ਸਰਵਰ ਦੇ ਕੰਢੇ,
ਉਹ ਮੁਟਿਆਰ ਖੜੀ ਸਾਹ ਭਰਦੀ,
ਨੈਣ ਭਰਨ, ਲੂੰ ਕੰਡੇ:-
"ਸੂਰਜ ਛੱਪ ਗਿਆ ਧਰ ਉਹਲੇ"
ਰੋ ਕੇ ਇਹ ਗੱਲ ਕਹੀਆ,-
"ਇਹ ਤਾਂ ਦੱਸ ਅਸਾਂ ਨੂੰ ਸੱਜਣਾਂ!
ਤੈਂ ਵਿਚ ਇਹ ਕੀ ਹੋਇਆ?

"ਰਾਜਹੰਸ ਦੀਆਂ ਧੌਣਾਂ ਵਰਗਾ
ਕਿੱਥੋਂ ਆ ਗਿਆ ਢੋਇਆ ?
"ਗੰਦਲ ਵਾਂਙ ਨਿਕਲ ਇਹ ਧੌਣਾਂ
ਹੋ ਉੱਚੀਆਂ ਹਨ ਝੁਕੀਆਂ,
"ਸਿਰ ਨਿਹੁੜਾਇ ਸ਼ਰਮ ਦੀਆਂ ਭਰੀਆਂ
ਹਿਕੇ ਨਿਰਾਸਾ ਮੁਕੀਆਂ ?
"ਹਸਰਤ ਭਰੀਆਂ ? ਕੇ ਵਿਚ ਸਦਮੇਂ
ਸਾਵੇ ਓਢਣ ਲੁਕੀਆਂ,
"ਬੰਦ ਜਗਤ ਦੇ ਭੇਤ ਵਾਂਙ ਹਨ ?
ਕੇ ਖੁਲ੍ਹ ਕੇ ਹਨ ਸੁਤ੍ਰੀਆਂ ?
"ਪੱਟਲੀਆਂ ਕੀ ਵਲਵਲਿਆਂ ਭਰ
ਝੁਕੀਆਂ ਹਨ ਇਹ ਸਰੀਆਂ ?
"ਸੱਧਰ ਸਿੱਕਣ ਤੇ ਤ੍ਰਾਹ ਉਠਣ
ਵਿਚ ਇਨ੍ਹਾਂ ਦੇ ਧਰੀਆਂ ?
"ਗੋਲ ਮੋਲ ਤੇ ਚੁੱਪ ਚਾਪ ਤੇ
ਸਿਰ ਸਿੱਟਣ ਦਿਖਲਾਇਆ;
"ਪ੍ਰਸ਼ਨ ਮਿਰੇ ਦਾ ਉੱਤਰ ਤੈਥੋਂ
ਇਹ ਸਰਵਰ ਸਰ ਆਇਆ ?
ਪਵਨ ਹਿਲੋਰੇ ਨਾਲ ਹਿੱਲਿਆ
ਸਰਵਰ ਪਤ ਤੇ ਕਲੀਆਂ
ਧੁਨੀ ਅਜਾਇਬ ਆਈ ਵਿਚੋਂ,
ਬੋਲੀਆਂ ਕੋਈ ਭਲੀਆਂ।

"ਫਿਰਰ ਫਿਰਰ ਫਿਰ ਫਿਰ ਫਿਰ ਫਿਰ ਫਿਰ
ਫਿਰ ਆਈ ਫਿਰ ਆਈਂ।

"ਆਈਂ ਫਿਰ ਫਿਰ ਫਿਰਰ ਫਿਰਰ ਤੂੰ
ਫਿਰ ਆਈਂ ਫਿਰ ਆਈਂ।"

ਸਟ ਕੇ ਧੌਣ ਉਹਨਾਂ ਦੇ ਵਾਂਙੂ,
ਠੰਢਾ ਸਾਹ ਖਿਚੇਂਦੀ,

ਟੁਰ ਗਈ ਫੇਰ ਹਾਹੁਕੇ ਲੈਂਦੀ,
ਗਿਣ ਗਿਣ ਕਦਮ ਧਰੇਂਦੀ।

---

ਫਿਰ ਆਈ ਇਕ ਸ਼ਿਖਰ ਦੁਪਹਿਰੀਂ
ਸੂਰਜ ਸਿਰ ਤਲਵਾਇਆ,

ਸਰਵਰ ਧੌਣਾਂ ਨਾਲ ਭਰ ਗਿਆ
ਪਰ ਇਕ ਰੂਪ ਵਟਾਇਆ:

ਸਭ ਸਿੱਧੇ ਹਨ ਖੜੇ ਹੋ ਗਏ,
ਸਿਰ ਸੂਰਜ ਦੇ ਵੱਲੇ,

ਨਿਹੁੜਾਈ ਗਰਦਨ ਨਹੀਂ ਕੋਈ,
ਜਿਉਂ ਜੋਗੀ ਟਕ ਬੰਨ੍ਹੇ।

ਮੁਸਕਾਈ ਤੇ ਨੀਝ ਲਾਇ ਕੇ
ਦੇਖ ਦੇਖ ਫਿਰ ਰੋਈ:-

"ਹੇ ਸਰਵਰ ! ਮੈਂ ਮੁਸ਼ਕਲ ਤੈਥੋਂ
ਅਜੇ ਹੱਲ ਨਹੀਂ ਹੋਈ।

"ਕੀ ਸਿਰ ਚੱਕ ਤੱਕਣਾਂ ਉੱਪਰ,
ਅਸਮਾਨਾਂ ਸਿਰ ਤਕਣਾਂ ?

"ਤਕਣਾਂ, ਤਕਣਾਂ ਤੇ ਫਿਰ ਤਕਣਾਂ
ਬਿਨ ਉੱਤਰ ਨਾ ਬਕਣਾ ?
"ਇਸ ਤੱਕਣ ਵਿਚ ਰਹਿਣ ਹਮੇਸ਼ਾਂ
ਭੇਤ ਕਦੇ ਨਹੀਂ ਖੁਲ੍ਹਣਾ,
"ਤਰਸਨ ਸਿੱਕਣ ਤੇ ਸਿਕ ਤੱਕਣ,
ਲੋਚਾਂ ਦੇ ਵਿਚ ਘੁਲਣਾਂ ?
"ਅੱਜ ਦੱਸ ਤੂੰ ਭੇਤ ਗੈਬ ਦਾ,
ਖੋਲ੍ਹ ਚੁੱਪ ਦੀਆਂ ਮੁਹਰਾਂ ?
"ਜੀਭ ਛੇੜ ਕੁਈ ਵਾਕ ਸੁਣਾਂ ਦੇ,
ਕੱਟ ਅਸਾਡੀਆਂ ਅਹੁਰਾਂ"
ਪਰ ਉਸ ਸਰ ਤੋਂ "ਫਿਰ ਆਵੀਂ ਤੂੰ
ਫਿਰ ਫਿਰ ਫਿਰ" ਸੱਦਾ ਆਈ।
ਸਿਰ ਨਿਹੁੜਾਇ ਗਈ ਉਹ ਪਯਾਰੀ,
ਹਸਰਤ ਅੰਦਰ ਛਾਈ।

---

ਘਟਾ ਟੋਪ ਬੱਦਲ ਹਨ ਛਾਏ,
ਗਰਮੀ ਹੈ ਬਿਲਮਾਈ,
ਨਿੱਕੀ ਨਿੱਕੀ ਰਿਵੀ ਰੁਮਕਦੀ
ਗਲ ਨੂੰ ਜੱਫੀਆਂ ਪਾਈ।
ਅੱਖੀਂ ਸੁਖ ਕਲੇਜੇ ਠੰਢਕ
ਇਸਦੇ ਮਿਲਿਆਂ ਪੈਂਦੀ
ਛਬਿ ਛਾਂਦੀ ਚਉਫੇਰ ਏਸ ਤੋਂ
ਛਬਿ ਇਸ ਤੋਂ ਛਬਿ ਲੈਂਦੀ।


www.sikhbookclub.com

ਵਰਤੇ ਕਈ ਜ਼ਮਾਨੇ ਜਿਸ ਤੇ
ਸੀ ਇਕ ਬੋੜ੍ਹ ਵਡੇਰਾ,
ਉਸ ਦੇ ਹੇਠਾਂ ਮੁਟਿਆਰਨ ਨੇ
ਹੈ ਲਾਇਆ ਹੁਣ ਡੇਰਾ ।
ਛਾਵੇਂ ਬੈਠ ਬੋੜ੍ਹ ਵਲ ਤੱਕਦੀ
ਲੰਮੇ ਸਾਹ ਖਿਚੇਂਦੀ,
"ਕਿਉਂ ਬਾਬਾ ਇਹ ਜੀਵਨ ਕੀ ਹੈ ?"
ਤਕ ਤਕ ਉਹਨੂੰ ਪੁਛੇਂਦੀ ।
ਉੱਚੀ ਧੌਣ ਕਰੇਂਦੀ ਤਕਦੀ,
ਨੈਣ ਗਏ ਮਿਟ ਦੋਵੇਂ,
ਮਿੱਠੀ ਨੀਂਦ ਅੰਦਰੋਂ ਆਈ,
ਟਿਕੀ ਜਿਵੇਂ ਸੀ ਓਵੇਂ ।
ਉੱਧਰ ਵਾਉ ਤ੍ਰਿਖੇਰੀ ਹੋਈ;
ਬੱਦਲਵਾਈ ਪਾਈ,
ਉੱਡ ਗਈ ਸਾਰੀ ਓ ਘਟਨਾ,
ਧੁੱਪ ਨਿਕਲ ਕੁਛ ਆਈ ।
ਸੂਰਜ ਢਲ ਹੇਠਾਂ ਹੋ ਟੁਰਿਆ,
ਕੁਝ ਜੋਬਨ ਬੀ ਢਲਿਆ ।
ਤ੍ਰਿੱਖਾ ਤੇਜ ਹੋ ਗਿਆ ਮਿੱਠਾ
ਨੀਵਾਂ ਹੋ ਜੋ ਚਲਿਆ ।
ਪੌਣ ਵਧੇਰੀ ਠੰਢੀ ਹੋ ਗਈ,
ਜਿਵੇਂ ਹਿਮਾਲਯ ਜਾਈ,

ਪਾਣੀ ਦੇ ਗਲ ਲੱਗ ਕਿਤੋਂ ਹੈ
ਭਾਗਭਰੀ ਹੋ ਆਈ।
ਖੁਲ੍ਹੀ ਅਚਾਨਕ ਅੱਖ ਨਾਰਿ ਦੀ
ਤ੍ਰਬੁਕ ਉਠੀ ਕਹਿ: "ਹਾਏ,
"ਇਸ ਅਖ-ਮੀਟੇ ਦੇ ਹੈਂ ਅੰਦਰ
ਕੀ ਕੌਤਕ ਵਰਤਾਏ ?
"ਬਾਹਰ ਦੀ ਕੁਦਰਤ ਦੇ ਵਾਂਙੂ
ਠੰਢਕ ਅੰਦਰ ਛਾਈ,
"ਛਾਤੀ ਸੀਤਲ ਹੋਈ ਦਿਸਦੀ
ਘਟਦੀ ਹੈ ਘਬਰਾਈ।"
ਉੱਠ ਟੁਰੀ ਵਲ ਛੰਭ ਫੇਰ ਓ,
ਸਹਿਜੇ ਸਹਿਜੇ ਆ ਕੇ
ਕੰਢੇ ਤੇ ਆ ਖੜੀ ਹੋ ਗਈ,
ਰਹੀ ਭਚੱਕ ਤਕਾਕੇ।
ਬੰਦ ਬੰਦ ਉਹ ਡੋਡੀ ਡੋਡੀ
ਤੋੜ ਤੋੜ ਸਿਰ ਮੁਹਰਾਂ,
ਧੁਰੋਂ ਅੰਦਰੋਂ ਖਿੜ ਖਿੜ ਖੁਲ੍ਹੀਆਂ,
ਰੰਗ ਹੋਰ ਦੇ ਹੋਰਾਂ।
ਫਾੜੀਆਂ ਵਾਲੇ ਵਾਂਙ ਕਟੋਰੇ
ਜਿਉਂ ਕਚਕੌਲ ਸੁਹਾਵੇ,
ਲਾਲੋ ਲਾਲ ਖਿੜੇ ਤੇ ਵਿਗਸੇ
ਚੁਹਿ ਚੁਹਿ ਰੰਗ ਰੰਗਾਵੇ।

ਸਭ ਕਲੀਆਂ ਖਿੜੀਆਂ ਤੇ ਹੱਸਣ
ਦਿੱਸੇ ਖੇੜਾ ਖੇੜਾ,
ਖੇੜੇ ਦਾ ਇਕ ਫਰਸ਼ ਡਲ੍ਹਕਦਾ
ਕੌਲ ਫੁਲਾਂ ਦਾ ਖੇੜਾ,
ਸਾਰਾ ਸਰ ਭਰਿਆ ਇਸ ਖੇੜੇ,
ਇਸ ਖੁਸ਼ੀਆਂ ਦੇ ਖੇੜੇ,
ਜੋਬਨ ਭਰੇ ਹਿਲੋਰੇ ਵਾਲੇ
ਮਸਤੀਆਂ ਵਾਲੇ ਖੇੜੇ ।
ਮੀਨਾ-ਲਗਾ-ਬਜ਼ਾਰ ਕੁਦਰਤੀ
ਸਰੁਵਰ ਨੇ ਹੈ ਲਾਇਆ,
ਖੇੜਾ, ਸੁਹਜ, ਹੁਸਨ ਦਾ ਜਲਵਾ
ਕਰ ਜ਼ਾਹਰ ਦਿਖਲਾਇਆ,
ਜਿੱਥੋਂ ਤਕ ਸਰੁਵਰ ਦੀਆਂ ਪਾਲਾਂ
ਪਾਲਾਂ ਏ ਹਨ ਖੜੀਆਂ ।
ਸੁੰਦਰ ਖੇੜੇ ਦੇ ਵਿਚ ਖਿੜੀਆਂ
ਬਿਨ ਪ੍ਰੋਏ ਦੇ ਲੜੀਆਂ ।
ਫਾੜੀ-ਦਾਰ ਕਟੋਰਾ ਹਰ ਇਕ,
ਨੈਣ ਜਿਵੇਂ ਕੁਈ ਸੁਹਣੇ,
ਮਿਰਗਾਂ ਦੇ ਹਨ ਵੱਡੇ ਕਰਕੇ
ਰੰਗ ਰੰਗਾ ਚੁਹਿ ਚੁਹਿਣੇ,
ਮਸਤੀ ਖਿੱਚ ਹੁਸਨ ਦੀ ਲਾਲੀ
ਭਰ ਕੇ, ਉਚੇ ਕਰਕੇ,

ਟਿਕਵਾਏ ਸਰੁਵਰ ਦੀ ਛਾਤੀ
ਸਰੀਆਂ ਦੇ ਸਿਰ ਧਰਕੇ।
ਖੁਸ਼ੀਆਂ ਦੇ ਯਾ ਦੰਦ ਅਰਸ਼ ਤੇਂ
ਲਾਲ ਲਾਲ ਹੋ ਆਏ,
ਪਹਿਨ ਚੋਲੜਾ ਯੂਸਫ ਵਾਲਾ
ਸਰੁਵਰ ਦੇ ਵਿਚ ਛਾਏ।
ਯਾ ਸੂਰਜ ਦੀਆਂ ਕਿਰਨਾਂ ਪੈ ਪੈ
ਸੂਰਜ ਉੱਗ ਖੜੋਤੇ,
ਧਰਤੀ ਨੇ ਮਿਠੇ ਚਾ ਕੀਤੇ
ਠੰਢੇ ਸਰੁਵਰ ਗੋਤੇ।
ਚਾਉ ਭਰੇ ਸੂਰਜ ਵਲ ਤਕਦੇ
ਉੱਮਲ ਉੱਮਲ ਪੈਂਦੇ
ਕਰਨ ਦਿਦਾਰੇ, ਚੜ੍ਹਨ ਸਰੂਰਾਂ,
ਝੂੰਮ ਝੂੰਮ ਚਸ ਲੈਂਦੇ।
ਯਾ ਦੁਨੀਆਂ ਦੇ ਸੁਹਣੇ ਸਾਰੇ
ਲੁਕ ਕੇ ਫਿਰ ਹਨ ਆਏ,
ਖਿੜੇ ਖੜੇ ਹਨ ਓਸ ਥਾਉਂ ਤੇ
ਗਾਹਕ ਖ਼ਬਰ ਨਾ ਪਾਏ,
ਨਾ ਆਵੇ ਨਾ ਮੁੱਲ ਕਰਾਵੇ,
ਨਾ ਲਲਚੇ, ਨਾ ਲੇਵੇ,
ਆਪ ਖਿਚੀਕੇ ਨਾ ਦੁਖ ਪਾਵੇ
ਨਾ ਖਿਚ ਲਾ ਦੁਖ ਦੇਵੇ,

ਸੁਹਣੇ ਹੁਸਨ ਆਪਣੇ ਆਪੇ
ਆਪ ਮਸਤ ਹੋ ਝੂਲਣ:
ਆਸ਼ਕ ਤੇ ਮਾਸ਼ੂਕ ਆਪ ਹੋ
ਖ਼ੁਦੀ-ਹਿੰਡੋਲੇ ਝੂਲਣ ।
ਜੋਬਨ ਭਰੇ, ਮਸਤ ਰੰਗ ਰੱਤੇ
ਇਸ ਆਪੇ-ਰਸ ਰੱਤੇ,
ਆਪਣੇ ਮਦ ਆਪਣੇ ਹੀ ਰਸ ਦੇ
ਹੋ ਰਸੀਏ ਮਦ ਮੱਤੇ,
ਖੇੜੇ ਦਾ ਇਕ ਮੰਡਲ ਰਚ ਕੇ
ਸੁੰਦਰਤਾ ਨੂੰ ਵੇਖਣ,
ਮਾਣਨ ਹੁਸਨ, ਖਿੜਨ, ਖ਼ੁਸ਼ ਹੋਵਨ
ਆਪਾ ਆਪ ਪਰੇਖਣ ।
ਯਾ ਏ ਭੇਤ ਇਲਾਹੀ ਵਾਲੇ
ਡੱਬੇ ਬੰਦ ਰਹਾਏ,
ਸਰੁਵਰ ਨੇ ਦੱਬੇ ਹਨ ਕੱਢੇ,
ਕੱਢੇ ਖੁਹਲ ਦਿਖਾਏ ।
ਹੁਸਨ ਅਜੈਬੀ ਰੰਗ ਗ਼ੈਬ ਦਾ
ਢਬਨ ਅਰਸ਼ ਦੀ ਜਾਈ,
ਛਬੀ ਸੁਹਾਵੀ ਸੁੰਦਰਤਾ ਹੈ,
ਧੁਰ ਬੈਕੁੰਠੋਂ ਆਈ,
ਜੋ ਢੱਕੀ ਤੇ ਬੰਦ ਕਰਾਕੇ
ਹੈਸੀ ਲੁਕੀ ਰਖਾਈ,

ਅਜ ਸਰਵਰ ਨੇ ਛਾਤੀ ਵਿਚੋਂ
ਸਾਰੀ ਖੁਹਲ ਵਛਾਈ।
ਨਜ਼ਰ ਪਈ ਜਦ ਮੁਟਿਆਰਨ ਦੀ
ਉਸ ਖੇੜੇ ਦੇ ਬਨ ਤੇ,
ਉਸ ਸੁਹਣੇ, ਉਸ ਜੋਬਨ ਭਰਵੇਂ
ਉਸ ਹੁਸਨਾਂ ਦੇ ਚੰਨ ਤੇ:-
ਉਹ ਜੋ ਛਬੀ ਸੁਹਾਵਾਂ ਵਾਲੀ
ਮੀਂਹ ਸੀ ਪਈ ਵਸਾਂਦੀ
ਹੇਠਾਂ ਉਤੇ ਤੇ ਚਉਫੇਰੇ
ਗੂੜ੍ਹੀ ਛਹਿਬਰ ਲਾਂਦੀ,
ਉਹ ਹੁਸਨਾਂ ਦਾ ਗਜ਼ਬ ਨਜ਼ਾਰਾ
ਸੁਹਨਾ ਓਹ ਦਿਖਾਵਾ
ਅੱਖੀਂ ਪਿਆ ਜਦੋਂ ਦਿਲ ਧਸਿਆ,
ਛਾਇਆ ਰੰਗ ਸੁਹਾਵਾ,
ਬੇਹੋਸ਼ੀ ਇਕ ਛਾਈ ਉਸ ਤੇ
ਰਹੀ ਬਝੱਕ ਤਕਾਂਦੀ,
ਕੋਈ ਸੁੱਧ ਰਹੀ ਨਹਿੰ ਬਾਕੀ,
ਮੂਰਤ ਟੱਕ ਬਨ੍ਹਾਂਦੀ।
ਧਾਇ ਸਰੂਰ ਹੁਸਨ ਖੇੜੇ ਦਾ
ਸਿਰ ਸਾਰੇ ਵਿਚ ਵੜਿਆ,
ਖੇੜਾ ਅਰਸ਼ੀ ਰੰਗਾਂ ਵਾਲਾ
ਵਿੱਚ ਕਾਲਜੇ ਅੜਿਆ।


www.sikhbookclub.com

ਅਕਲ ਸੰਸਿਆਂ ਵਾਲੀ ਰੁੜ੍ਹ ਗਈ,
'ਪੁੱਛਣ-ਤਾਬ' ਨਸਾਈ,
ਭਰਮਣ ਤੇ ਸ਼ਕ ਕਰਨੇ ਵਾਲੀ
ਸੋਚ ਨ ਰਹਿ ਗਈ ਕਾਈ।
ਲਗ ਗਈ ਛੋਤ ਖੇੜਿਓਂ ਸਾਰੀ.
ਖੇੜੇ ਖੇੜਾ ਲਾਇਆ,
ਜਿਉਂ ਖਿੜਿਆ ਸੀ ਸਰੁਵਰ ਸਾਰਾ
'ਦਿਲ-ਨਾਰੀ' ਖਿੜ ਆਇਆ।
ਅੰਦਰ ਫ਼ੁੱਟ ਪਿਆ ਜਿਉਂ ਸੋਮਾ,
ਕੜ ਖ਼ੁਸ਼ੀਆਂ ਦਾ ਫੁਟਿਆ,
ਹੁਸਨ ਅੰਦਰੋਂ ਅੰਦਰਲੇ ਦਾ
ਚਸ਼ਮੇ ਜਿਉਂ ਫ਼ੁਟ ਛੁਟਿਆ,
ਲੂੰ ਲੂੰ ਵਿਚੋਂ ਛੁਟੇ ਫੁਹਾਰੇ
ਖ਼ੇੜੇ ਛਹਿਬਰ ਲਾਈ
ਅੱਖਾਂ 'ਫ਼ਬਨ-ਕਟੋਰੇ ਭਰ ਰਹੇ
ਤਰੇਲ ਪਈ ਸੁਖਦਾਈ।
ਤਨ ਮਨ ਖੀਵਾ ਖੇੜਾ ਪੀ ਪੀ
ਖੇੜਾ ਸਾਰੀ ਹੋਈ,
ਖੇੜਾ ਤੇ ਆਪਾ ਇਕ ਹੋਏ.
ਲੂੰ ਲੂੰ ਗਈ ਪਰੋਈ।
ਖੇੜਾ ਦਿਲ ਦਾ, ਖੇੜਾ ਤਨ ਦਾ,
ਖੇੜਾ ਸਰੁਵਰ ਵਾਲਾ,

ਸਭ ਖੇੜੇ ਇਕ ਰੂਪ ਹੋ ਗਏ
ਖੇੜੇ ਭੰਨੀਆਂ ਪਾਲਾਂ।
ਹੇਠਾਂ ਉਪਰ; ਚਾਰ ਚੁਫੇਰੇ,
ਕੀ ਅੰਦਰ, ਕੀ ਬਾਹਰ,
ਖੇੜਾ ਖੇੜਾ ਹੋਈ ਸਾਰੀ
ਕੀ ਬਾਤਨ ਕੀ ਜ਼ਾਹਰ।
ਖੇੜੇ ਵੇੜ੍ਹ ਲਈ ਆ ਬਾਹਰੋਂ,
ਖੇੜੇ ਅੰਦੂੰ ਵੇੜ੍ਹੀ,
ਖੇੜਾ ਖੇੜਾ ਹੋਈ ਪਜਾਰੀ,
ਖੇੜੇ ਫੜਕੇ ਖੇੜੀ।
ਕਿੱਥੇ ਹੈ ਉਹ ਪੁੱਛਣ ਵਾਲੀ ?
ਕੀ ? ਏ ਜੀਵਨ ਕੀ ਹੈ ?
ਖੇੜੇ ਖੇੜ ਲਈ ਹੈ ਸਾਰੀ,
ਕੀ ਦੇਹੀ ਕੀ ਜੀ ਹੈ ?
ਖੇੜਾ ਹੈ ਹੁਣ ਆਪ ਹੋ ਰਹੀ,
ਖੇੜਾ ਜੀਵਨ ਖੇੜਾ,
ਖਿੜਨ ਖਿੜੀ ਜਿਉਂ ਚੰਦ-ਚਾਂਦਨੀ,
ਖਿੜਿਆ ਜੀਵਨ ਖੇੜਾ।

ਆਪਣੇ ਖੇੜੇ ਖਿੜਕੇ ਸਰੂਵਰ
ਖੇੜਾ ਉਸ ਨੂੰ ਲਾਇਆ
ਸੁੱਤਾ ਖੇੜਾ ਉਹਦਾ ਜਗਾਇਆ
ਖੇੜੇ ਰੰਗ ਜਮਾਇਆ।

# ੩. ਦਿਲ ਤਰੰਗ



www.sikhbookclub.com

## ਦੋ ਗੱਲਾਂ :—

ਪਿਛਲੇ ਦਸ ਕੁ ਬਰਸ ਤੋਂ ਕਦੇ ਕਦੇ ਦੇ ਲਿਖੇ ਛੰਦਾਂ ਵਿਚੋਂ ਤੁਰਜਾਈ (ਰੁਬਾਈ) ਚਾਲ ਦੇ ਛੰਦ ਕੁਛ ਚਿਰ ਹੋਇਆ ਹੈ ਤਾਂ 'ਤ੍ਰੇਲ ਤੁਪਕਿਆਂ' ਦੇ ਨਾਮ ਹੇਠ ਛਾਪੇ ਗਏ ਸਨ, ਇਸ ਤੋਂ ਮਗਰੋਂ ਇਕ ਲੰਮੇਰੀ ਕਵਿਤਾ 'ਜ਼ੀਵਨ ਕੀ ਹੈ ?' ਦੇ ਨਾਮ ਹੇਠ ਛਪ ਚੁਕੀ ਹੈ। ਇਸ ਸੰਚੀ ਵਿਚ ਹੁਣ ਤਰੇਲ ਤੁਪਕਿਆਂ ਤੋਂ ਲੰਮੇਰੇ ਤੇ ਵੱਡੇ ਛੰਦਾਂ ਦੀਆਂ ਕੁਛ ਰਚਨਾਂ ਪ੍ਰਕਾਸ਼ਤ ਹੁੰਦੀਆਂ ਹਨ।

ਤ੍ਰੇਲ ਤੁਪਕਿਆਂ ਵਿਚੋਂ ਬਹੁਤੇ ਤੇ ਇਸ ਸੰਚੀ ਦੇ ਲਗ ਪਗ ਸਾਰੇ ਅਤੇ ਕੁਝ ਹੋਰ (ਅਣਛਪੇ) ਛੰਦ ਸ: ਪੂਰਨ ਸਿੰਘ ਜੀ ਨੇ, ਸੱਤ ਅੱਠ ਬਰਸ ਹੋਏ ਤਾਂ ਅੰਗਰੇਜ਼ੀ ਵਿਚ ਤਰਜਮਾ ਕੀਤੇ ਸਨ। ਏਹ ਤਰਜਮੇ ਦੀ ਸੈਂਚੀ ਉਨ੍ਹਾਂ ਨੇ ਇਕ ਅੰਗਰੇਜ਼ੀ ਕਾਵ੍ਯ ਰਸਿਕ "ਮਾਈਨੇਡੂ" ਨਾਮੇ ਨੂੰ ਮੁਖਬੰਦ ਲਿਖਣ ਤੇ ਸੁਧਾਈ ਲਈ ਦਿੱਤੀ ਸੀ, ਜਿਥੋਂ ਉਹ ਅਜੇ ਤਕ ਉਨ੍ਹਾਂ ਪਾਸ ਬਰਸਾਂ ਦਾ ਬਿਸ੍ਰਾਮ ਕਰਕੇ ਬੀ ਮੁੜ ਨਹੀਂ ਆਈ। ਇਨ੍ਹਾਂ ਵਿਚੋਂ ਇਕ ਕਵਿਤਾ ਜੋ 'ਕਿੱਕਰ' ਨਾਮ ਹੇਠਾਂ ਇਸੇ ਸੈਂਚੀ ਦਾ ਪਹਿਲੀ ਕਵਿਤਾ ਛਪੀ ਹੈ, ਸਰਦਾਰ ਪੂਰਨ ਸਿੰਘ ਜੀ ਦੀ ਅੰਗਰੇਜ਼ੀ ਅਨੁਵਾਦ ਹੋਈ 'ਈਸਟ ਐਂਡ ਵੈਸਟ' ਨਾਮੇ ਪ੍ਰਸਿੱਧ ਅੰਗਰੇਜ਼ੀ ਰਸਾਲੇ ਦੇ ਸਤੰਬਰ ੧੯੧੭ ਦੇ ਪਰਚੇ ਵਿਚ ਛਪੀ ਸੀ। ਵੰਨਗੀ ਲਈ ਇਸ ਅੰਗਰੇਜੀ ਦੇ ਤਰਜਮੇ ਦਾ ਉਤਾਰਾ ਇਸੇ ਸੈਂਚੀ ਦੇ ਸਫ਼ਾ ੬੮ ਤੇ ਛਾਪ ਦਿੱਤਾ ਹੈ।



 www.sikhbookclub.com

ਕੁਛ ਚਿਰ ਤੋਂ ਸਜਣਾਂ ਦੀ ਇੱਛਾ ਹੋ ਰਹੀ ਹੈ ਕਿ ਇਹ ਸਾਰੀਆਂ ਕਵਿਤਾਵਾਂ ਆਪਣੇ ਲਿਖਤ ਦੇ ਸਰੂਪ ਤੋਂ ਛਪਾਈ ਦੇ ਪੁਸ਼ਾਕੇ ਪਹਿਨ ਕੇ ਨਿਕਲ ਆਉਣ ਤਾਂ ਸਰੇਸ਼ਟ ਹੈ, ਇਨ੍ਹਾਂ ਦਾ ਅੰਗਰੇਜ਼ੀ ਜਾਮਾਂ ਹੋਰ ਸਮੇਂ ਦੀ ਉਡੀਕ ਪਿਆ ਕਰੇ,* ਪਰ ਪੰਜਾਬੀ ਅਸਲ ਰੂਪ ਮੁਦ੍ਰਿਤ ਹੋ ਜਾਵੇ, ਇਸ ਲਈ ਇਸ ਸੈਂਚੀ ਦੇ ਛਾਪਣ ਦਾ ਉੱਦਮ ਕੀਤਾ ਗਿਆ ਹੈ।

ਸਤੰਬਰ ੧੯੨੨ ਕਰਤਾ

*ਇਨ੍ਹਾਂ ਨਜਮਾਂ ਦੇ ਤਰਜਮੇ ਹੁਣ ਇੰਗਲੈਂਡ ਵਿਚ ਛਪ ਚੁਕੇ ਹਨ ਤੇ ਪੋਥੀ ਦਾ ਨਾਮ 'ਨਰਗਸ' **Nargas** ਹੈ। ਇਨ੍ਹਾਂ ਦਾ ਮੁਖਬੰਧ ਓਥੋਂ ਦੇ ਪ੍ਰਸਿਧ ਵਿਦਵਾਨ ਮਿ:ਅਰਨੈਸਟ ਰ੍ਹੀਸ ਨੇ ਲਿਖਿਆ ਹੈ

# The Kikar Tree

I grow upward, my march is heavenwaro
My face is turned to the God of skies. Nor
village, nor city, nor palace, nor hut I need
in this world of thine.

I am he, who can pass his days without a roof
over his head, in rain, sunshine, hail and storm.

I love to look at the God of the skies.

I need but a small piece of ground for my roots
to stand in to, blossom, bear fruit and die.

I need neither raiment nor food from thee, O
world !

The rain—water is enough for me, I drink and I
grow.

I live on air, desire naught.

I am all alone in myself, the ascetic of centuries
passed and the ascetic of the centuries yet to
come !

And yet for me. O world thou hast but an axe ?

-੬੮-

 www.sikhbookclub.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਦਿਲ ਤਰੰਗ

## ਕਿੱਕਰ

ਕਿੱਕਰ ਦਾ ਅਟੰਕ ਰਹਿਣੇ ਵਾਲਾ ਬ੍ਰਿੱਖ ਆਪਣੇ ਦਿਲ ਤਰੰਗ ਮਾਨੋਂ ਇਉਂ ਕਹਿੰਦਾ ਹੈ:–

ਕੱਢ ਸਿਰੀ ਉਪਰ ਨੂੰ ਟੁਰਿਆ
ਵੱਲ ਅਕਾਸ਼ਾਂ ਜਾਵਾਂ,
ਉੱਪਰ ਨੂੰ ਤੱਕਾਂ ਰਬ ਵੰਨੇ
ਝਾਤਿ ਨ ਹੋਰਥਿ ਪਾਵਾਂ ।
ਸ਼ਹਿਰ ਗਿਰਾਂ ਮਹਿਲ ਨਹੀਂ ਮਾੜੀ
ਕੁੱਲੀ ਢੋਕ ਨ ਭਾਲਾਂ,
ਮੀਂਹ ਹਨੇਰੀ ਗੜੇ ਧੁੱਪ ਵਿਚ
ਨੰਗੇ ਸਿਰ ਦਿਨ ਘਾਲਾਂ ।
ਲੋ ਅਰਸ਼ਾਂ ਦੇ ਵਾਲੀ ਵੰਨੇ
ਹੋਰ ਖ਼ਾਲਸਾ ਨਾਹੀਂ

ਗਿੱਠ ਥਾਉਂ ਧਰਤੀ ਤੋਂ ਲੀਤੀ
ਵਧਾਂ ਟਿਕਾਂ ਇਸ ਮਾਹੀਂ।
ਫੁੱਲਾਂ ਫਲਾਂ, ਖਿੜਾਂ, ਰਸ ਚੋਵਾਂ,
ਰਹਿ ਅਛੋਤ ਟੁਰ ਜਾਵਾਂ
ਕੁੱਲੀ, ਗੁੱਲੀ, ਜੁੱਲੀ ਦੁਨੀਆਂ !
ਬਿਨ ਮੰਗੇ ਮਰ ਜਾਵਾਂ।
ਮੀਂਹ ਦਾ ਪੀਵਾਂ ਪਾਣੀ ਦੁਨੀਆਂ!
ਪੌਣ ਭੱਖ ਕੇ ਜੀਵਾਂ।
ਸਦੀਆਂ ਤੋਂ ਇਸਥਿਤ ਮੈਂ ਜੋਗੀ
ਸਦੀਆਂ ਇਵੇਂ ਟਿਕੀਵਾਂ।
ਛੇੜਾਂ; ਛੇੜ ਕਰਾਵਾਂ ਨਾਹੀਂ,
ਹਾਂ ਵਿਰਕਤ, ਨਿਰਗੁਣੀਆਂ,
ਮੇਰੇ ਜੋਗਾ ਬੀ ਤੈਂ ਪੱਲੇ,
ਹਾਇ; ਕੁਹਾੜਾ ਦੁਨੀਆਂ!

✿✿✿

# ਕੋਇਲ ਦੇ ਬੱਚੇ ਕਾਂਵਾਂ ਦੇ ਆਲ੍ਹਣੇ

ਕੋਇਲ ਕੂਕੇਂਦੀ ਆ ਗਈ,
ਬੋਲੀ ਪਿਆਰੀ ਪਾ ਗਈ,
ਜੀ ਵੜਦਿਆਂ ਜੀ ਭਾ ਗਈ,
ਉੱਚੜ-ਓ-ਚਿੱਤੀ ਲਾ ਗਈ,

ਹੁਣ ਜੀ ਨ ਲਗਦਾ ਆਲ੍ਹਣੇ,
ਰੋਂਦੇ ਨੀ ਮਾਪੇ ਪਾਲਣੇ ॥ ੧ ॥

ਬੱਚੇ ਉਡਾਰੀ ਮਾਰਦੇ,
ਖਾ ਖਾ ਤਣੁੱਕੇ ਪਜਾਰ ਦੇ,
ਮਗਰੇ ਅਵਾਜ਼ ਸਿਧਾਰਦੇ,
ਪਰ ਕਾਉਂ ਫੜ ਫੜ ਮਾਰਦੇ,

ਬੰਨ੍ਹ ਬੰਨ੍ਹ ਕੇ ਰਖਦੇ ਆਲ੍ਹਣੇ,
ਕਰਦੇ ਅਨੇਕਾਂ ਟਾਲਣੇ ॥੨॥

ਖਿੱਚ ਆ ਅਗੰਮੋਂ ਪੈ ਗਈ,
ਜੋ ਜੀ ਚੁਰਾ ਕੇ ਲੈ ਗਈ,
ਉੱਡਣ ਹੀ ਉਡਣ ਦੇ ਗਈ,
ਘਰ-ਵੱਸਣਾਂ ਕਰ ਛੈ ਗਈ,

ਵਾਹ ਲਾਣ ਚੋਗ ਖੁਆਲਣੇ,
ਬੱਚੇ ਨ ਠਹਿਰਨ ਆਲ੍ਹਣੇ ॥੩॥

ਕਾਂ ਸੋਚਦੇ ਬਹਿ ਰੁੱਖ ਤੇ,
ਬੱਚੇ ਅਸਾਡੀ ਕੁੱਖ ਦੇ,

ਸਾਂਝੀ ਜੁ ਸੇ ਦੁਖ ਸੁੱਖ ਦੇ,
ਨੇੜੇ ਨਹੀਂ ਹੁਣ ਢੁੱਕਦੇ,
ਕੰਡੇ ਕੀ ਉਗ ਪਏ ਆਲ੍ਹਣੇ ?
ਨਿਹੁੰ ਮਾਪਿਆਂ ਜਿਨ੍ਹ ਘਾਲਣੇ ॥੪॥

ਕੋਇਲ ਹੈ ਵਣ ਵਣ ਕੂਕਦੀ,
ਜਾਦੂ ਕਟਕ ਦੇ ਫੂਕਦੀ,
ਹੈ ਨੈਂ ਇਸ਼ਕ ਦੀ ਸੂਕਦੀ,
ਚਾਬਕ ਬਿਰਹੋਂ ਦੀ ਘੂਕਦੀ,
ਸੁੰਞੇਂ ਕਰੂ ਏ ਆਲ੍ਹਣੇ,
ਰੋ ਰੋ ਕੇ ਜਿਗਰੇ ਗਾਲਣੇ ॥੫॥

ਕਾਵਾਂ ਬੀ ਸੱਦ ਪਛਾਣਿਆਂ,
ਕੋਇਲ ਨੂੰ ਕਾਰਨ ਜਾਣਿਆਂ,
ਮਾਰਨ ਇਨ੍ਹ ਜੀ ਠਾਣਿਆਂ,
ਲਗ ਪਏ ਦਾਉ ਤਕਾਣਿਆਂ,
ਫਟਕਣ ਨ ਦਿਣ ਲਗ ਆਲ੍ਹਣੇ,
ਲੜਦੇ ਨੀ ਮਾਪੇ ਪਾਲਣੇ ॥੬॥

ਦੂਰੋਂ ਓ ਲੁਕ ਲੁਕ ਬੋਲਦੀ,
ਦਫਤਰ ਇਸ਼ਕ ਦੇ ਖੋਲ੍ਹਦੀ,
ਕਿੱਸੇ ਪੁਰਾਣੇ ਫੋਲਦੀ,
ਬਚਿਆਂ ਦੇ ਜੀ ਝੰਝੋਲਦੀ,
ਓ ਤੜਫਦੇ ਵਿਚ ਆਲ੍ਹਣੇ।
ਆ ਪਏ ਜੱਫਰ ਜਾਲਣੇ ॥੭॥

ਕਾਂ ਰਹੇ ਵਾਹਾਂ ਲਾਂਵਦੇ,
ਓੜਕ ਉਹ ਉਠ ਸਿਧਾਂਵਦੇ,
ਮਾਪੇ ਵਤਨ ਭੁਲਾਂਵਦੇ,
ਖਿੱਚੀ-ਦੇ ਮਗਰੇ ਧਾਂਵਦੇ,
ਰਹਿ ਗਏ ਸੁੰਞੇ ਆਲ੍ਹਣੇ,
ਰੋਂਦੇ ਨੀ ਮਾਪੇ ਪਾਲਣੇ ॥੮॥

❋❋❋

## ਫੁੱਲ

## ਗਲੇ ਤੋਂ ਉਤਾਰੇ ਜਾਣ ਲਗਿਆਂ ਸਾਂਈਂ ਲੋਕਾਂ ਨੂੰ :—

ਫੁੱਲ ਜੋ ਸਿਹਰੇ ਵਿਚ ਪ੍ਰੋਤੇ ਹੋਏ ਕਿਸੇ ਸਾਂਈਂ ਲੋਕਾਂ ਦੇ ਗਲ ਪਏ ਸਨ, ਜਦ ਸਿਹਰਾ ਉਤਾਰਨ ਲੱਗੇ ਤਾਂ ਮਾਨੋਂ ਫੁੱਲਾਂ ਨੇ ਇਹ ਅਰਦਾਸ ਕੀਤੀ :

ਸਾਨੂੰ ਨਾ ਉਤਾਰ ਗਲੋਂ,
ਸਾਨੂੰ ਨਾ ਵਿਸਾਰ ਦਿਲੋਂ,
ਸੱਟ ਨਾ ਉਤਾਰ ਸਾਨੂੰ,
ਤੇਰੇ ਬਿਨਾ ਸਾਡਾ ਕੌਣ ?
ਮਾਪਿਆਂ ਤੋਂ ਨਿਖੜ ਆਏ,
ਅਪਣਿਆਂ ਤੋਂ ਵਿਛੁੜ ਆਏ,
ਛੱਡ ਦੇਸ਼ ਵਤਨ ਆਏ,
ਨੀਵੀਂ ਕਰ ਆਏ ਧੌਣ !

ਜਿੰਦ ਨੇਹੁ ਤੋੜ ਆਏ,
ਮੌਤ ਪ੍ਰੇਮ ਜੋੜ ਆਏ,
ਸੂਲੀ ਉੱਤੇ ਪੈਰ ਰੱਖ,
ਪੈਰ ਧਰੇ ਤੁਸਾਂ ਭੈਣ ।

ਕਿੰਨੇ ਹਨ ਸ੍ਵਾਸ ਬਾਕੀ,
ਪਲਕ ਝਲਕ ਝਾਕੀ,
ਹੁਣ ਨਾ ਵਿਛੋੜ ਸਾਨੂੰ
ਫੇਰ ਨਹੀਂ ਸਾਡਾ ਔਣ ।।੧।।

ਵਿੱਚ ਅਸਾਡੇ ਅਕਲ ਨਾਂ,
ਤੁਰਨ ਹਾਰੀ ਸ਼ਕਲ ਨਾਂ,
ਅਸੀਂ ਨੀਵੀਂ ਜਿੰਦੜੀ ਹਾਂ,
ਲੈਕ ਤੁਸਾਂ ਜੀ ਦੇ ਨਹੀਂ ।

ਗੁਣਾਂ ਵਾਲੇ ਲੱਖ ਏਥੇ,
ਪਜਾਰ ਵਾਲੇ ਘਣੇਂ ਸੁਹਣੇ,
ਚੜ੍ਹਦਿਆਂ ਤੋਂ ਚੜ੍ਹਦਿਆਂ ਦੇ,
ਜੱਥੇ ਗਿਣੇ ਜਾਂਦੇ ਨਹੀਂ ।

ਹੈਨ ਪਰ ਡਾਲ ਲੱਗੇ,
ਜੁੜੇ ਜਿੰਦ ਨਾਲ ਬੈਠੇ,
ਪਿੱਛੇ ਨਾਲੋਂ ਨਹੀਂ ਟੁੱਟੇ,
ਆਸ਼ੁਜੋਂ ਗਏ ਵਾਂਜੇ ਨਹੀਂ ।

ਵਿਛੁੜ ਜਾਂ ਜਾਣ ਤੁਹਾਥੋਂ,
ਰਹਿਣ ਜਜੋਂਦੇ ਜਾਗਦੇ ਓ,

ਲੈਂਦੇ ਦੀਦਾਰ ਫਿਰ ਫਿਰ,
ਡਾਲੀਓਂ ਓ ਟੁੱਟੇ ਨਹੀਂ ॥੨॥

ਡਾਲੀਆਂ ਤੋਂ ਟੁੱਟਿਆਂ ਦੀ,
ਲਾਜ ਪਾਲ ਸੱਜਣਾਂ ਓ,
ਪਿੱਛੇ ਨਾਲੋਂ ਨੇਹੁੰ ਸਾਡਾ,
ਸਾਰਾ ਈ ਹੈ ਟੁੱਟ ਗਿਆ।

ਜ਼ਿੰਦਗੀ ਦੇ ਤਾਗੇ ਨਾਲੋਂ
ਨੇਹੁੰ ਅਸਾਂ ਤੋੜ ਲੀਤਾ,
ਅੱਗਾ ਸਾਡਾ ਸੱਜਣਾਂ ਓ,
ਸਾਰਾ ਹੀ ਨਿਖੁੱਟ ਗਿਆ।

ਅਗੋਂ ਪਿਛੋਂ ਵਾਂਜਿਆਂ, ਇਕ
ਤੇਰੇ ਜੋਗੇ ਹੋ ਰਿਹਾਂ ਦਾ,
ਤੇਰੇ ਪਜਾਰ ਬਾਝੋਂ ਪਜਾਰ
ਜਗ ਦਾ ਹੈ ਹੁੱਟ ਗਿਆ।

ਵਾਸਤਾ ਈ ਸਜਣਾਂ ਓ!
ਅੰਗ ਲਾਈ ਰੱਖ ਸਾਨੂੰ,
ਸਾਡਾ ਆਪਾ ਤੇਰੇ ਉਤੋਂ
ਘੋਲ ਘੁੰਮਿਆ ਲੁਟ ਗਿਆ ॥੮॥

❁❁❁

# ਕਰਨੇ* ਦੀ ਖ਼ੁਸ਼ਬੋ ਤੇ ਕਰਨੇ ਦੀ ਅਨਖੁੱਲ੍ਹੀ ਕਲੀ ਦੀ ਬਾਤ ਚੀਤ

ਕਰਨੀ ਦੀ ਖੁਸ਼ਬੂ ਕਰਨੇ ਦੇ ਅਧਖਿੜੇ ਫੁਲ ਨੂੰ, ਜੋ ਅਜੇ ਬੰਦ ਕਲੀ ਦੀ ਸ਼ਕਲ ਵਿਚ ਹੈ, ਮਾਨੋਂ ਅੰਦਰੋਂ ਹੀ ਆਖਦੀ ਹੈ:-

ਖ਼ੁਸ਼ਬੂ–ਜੱਫੀ ਛੇਤੀ ਖੋਲ੍ਹ ਮਾਏ !
ਬੰਨ੍ਹ ਨਾ ਬਹਾਲ ਸਾਨੂੰ,
ਗੋਦੀ ਤੇਰੀ ਹੋਰ ਸਾਥੋਂ
ਬੈਠਾ ਨਹੀਂ ਜਾਂਵਦਾ ।
ਪਾਲਿਆ ਤੇ ਪੋਸਿਆ
ਸਿਆਣਿਆਂ ਤੂੰ ਕੀਤਾ ਠੀਕ,
ਜੁੱਸਾ ਸਾਡਾ ਤੇਰੀਆਂ
ਕਲਾਈਆਂ ਨਹੀਂ ਮਾਂਵਦਾ ।
ਤੜਪ ਇਕ ਜਾਗੀ ਮੈਂ
ਅੰਦਰੋਂ ਉਛਾਲੇ ਵਾਲੀ,
ਬੈਠਣ ਨਹੀਓਂ ਦੇਂਦੀ
ਹੁਣ ਜੀ ਘਬਰਾਂਵਦਾ ।
ਮੋਕਲੇ ਤੇ ਵੱਡੇ ਵੱਡੇ
ਖੁੱਲ੍ਹੇ ਖੁੱਲ੍ਹੇ ਮੰਡਲਾਂ ਦਾ
ਸੁਹਣਾ ਸੁਹਣਾ ਸੁਪਨਾ, ਹਾਇ !
ਸਾਨੂੰ ਪਿਆ ਆਂਵਦਾ ॥੧॥

---

*ਸੰਤਰੇ, ਨਿੰਬੂ, ਖੱਟੇ, ਗਲਗਲ ਤੇ ਕਿੰਬ ਆਦਿ ਦੇ ਫੁੱਲਾਂ ਨੂੰ 'ਕਰਨਾ' ਆਖਦੇ ਹਨ ।

ਕਲੀ ਦਾ ਆਪਣੇ ਅੰਦਰ ਪੈਦਾ
ਹੋਈ ਖ਼ੁਸ਼ਬੋ ਨੂੰ ਜੁਆਬ :-

ਕਾਹਲੀਏ ਤੇ ਬਾਹਲੀਏ
ਮੁਟਿਆਰ ਹੋਈਏ ਬੱਚੀਏ ਨੀ !
ਬੈਠ ਨੀ ਅਰਾਮ ਨਾਲ
ਗੋਦੀ ਸੁਖ ਮਾਣ ਲੇ ।

ਮੇਰੀਆਂ ਕਲਾਈਆਂ ਵਿੱਚ
ਤੇਰੀ ਹੈ ਸਲਾਮਤੀ ਨੀ,
ਗੋਦੀ ਬੈਠ, ਗੋਦੀ ਬੈਠ,
ਗੋਦੀ-ਸੁਖ ਸਜਾਣ ਲੇ ।

ਗੋਦੋਂ ਗਈ, ਗਈ, ਗਈ,
ਖਿੰਡ ਖਿੰਡ; ਖਿੰਲ੍ਹ ਖਿੰਲ੍ਹ
ਖਿਲ ਖਿਲ੍ਹ, ਖਿੰਡ ਖਿੰਡ,
ਗੁਆਚ ਜਾਸੇ ਜਾਣ ਲੈ ।

ਖੁੱਲ੍ਹੇ ਖੁੱਲ੍ਹੇ ਮੰਡਲਾਂ ਦੇ
ਸੁਪਨੇ ਜੋ ਆਣ ਤੈਨੂੰ
ਸੁਪਨਾਂ ਕਰ ਲੈਣਗੇ ਓ
ਸਾਚੀ ਏ ਪਛਾਣ ਲੈ ॥੨॥

ਖੁਸ਼ਬੋ ਦਾ ਕਰਨੇ ਦੀ ਕਲੀ
ਨੂੰ ਅੰਦਰੋਂ ਜਵਾਬ :-

ਵਰਜ ਕੇ ਬਹਾਲ ਨਾਂ
ਤੇ ਮੱਤੀਂ ਦੇ ਦੇ ਹੋੜ ਨਾ,

ਛਡ ਸਾਡਾ ਪੱਲਾ, ਨਹੀਂ
ਨੱਸ ਹੁਣ ਜਾਵਾਂਗੇ ।
ਸੁਪਨੇ ਵਿਚ ਸੁਪਨਾ ਇਕ,
ਆਵੇ ਸਾਨੂੰ ਹੋਰ ਮਾਏ !
ਦਰਸ਼ਨ ਇਕ ਹੁੰਦੇ
ਓਸ ਦਰਸ਼ਨ ਸਮਾਵਾਂਗੇ ।
ਉੱਚਾ ਉੱਚਾ ਖੜਾ ਖੁੱਲਾ
ਆਖਦੇ "ਦਿਮਾਗ" ਉਹਨੂੰ,
ਖੁੱਲ੍ਹ ਵਾਲੇ ਮੰਡਲੀਂ
ਦੀਦਾਰ ਉਹਦਾ ਪਾਵਾਂਗੇ ।
ਸਾਡੀ ਓ ਉਡੀਕ ਕਰੇ
ਖੜਾ ਦਿੱਸੇ ਮਾਏ ! ਸਾਨੂੰ,
ਪਹੁੰਚ ਉਹਦੇ ਦੇਸ਼
ਉਹਦੇ ਅੰਕ ਵਿਚ ਮਾਵਾਂਗੇ ॥੩॥
ਆਖਦੀ ਏ ਉੱਚੀ ਉੱਚੀ,
ਜ਼ੋਰ ਇਕ ਲਾਇ ਪਜਾਰੀ,
ਵੀਨੀ ਮੋੜ ਮਾਉਂ ਵਾਲੀ
ਬਾਹਰ ਉੱਠ ਧਾਈ ਹੈ ।
ਕੂਕ ਕੋਈ ਸੁਣੀ ਨਾਹੀਂ,
ਮਾਉਂ ਗਲ ਗਉਲੀ ਨਾਹੀਂ,
ਵਾਇ ਮੰਡਲ ਖ਼ੇਡਦੀ, ਹੁਣ
ਖੁਲ੍ਹੇ ਦੇਸੀਂ, ਆਈ ਹੈ ।

ਨੱਚਦੀ ਤੇ ਟੱਪਦੀ ਤੇ
ਪੁਛਦੀ ਹਰ ਕਿਸੇ, ਮਾਨੋਂ,
"ਪ੍ਰੀਤਮ ਦਿਮਾਗ" ਵਾਲੀ,
ਦੱਸ ਕਿਸੇ ਪਾਈ ਹੈ।

ਲਪਟੀ ਦਿਮਾਗ ਤਾਈਂ,
ਲਪਟ ਏ ਸੁਗੰਧਿ ਵਾਲੀ,
ਲਪਟੀ ਸਮਾਈ; ਫੇਰ,
ਮੁੜਕੇ ਨਾ ਆਈ ਹੈ ॥੪॥

## ਕੇਲੋਂ ਦੇ ਗਲ ਲੱਗੀ ਵੇਲ।

ਦਿਉਦਾਰ ਚੀੜ ਆਦਿ ਦੀ ਭਾਂਤ ਵਿਚੋਂ ਪਹਾੜ ਵਿਚ ਇਕ ਨੂੰ ਕੇਲੋਂ ਆਖਦੇ ਹਨ। ਇਕ ਵੇਲ ਇਸ ਪਰ ਚੜ੍ਹੀ ਹੋਈ ਸੀ, ਇਕ ਅਯਾਲੀ ਵੇਲ ਤ੍ਰੋੜ ਮ੍ਰੋੜ ਧ੍ਰੂਹ ਧਾਹ ਕੇ ਹੇਠਾਂ ਲਾਹ ਰਿਹਾ ਸੀ ਜੋ ਆਪਣੇ ਅੱਯੜ ਨੂੰ ਪਾਵੇ, ਵੇਲ ਦੀ ਅੱਯਾਲੀ ਅੱਗੇ ਮਾਨੋਂ ਉਸ ਵੇਲੇ ਦੀ ਪੁਕਾਰ ਇਹ ਹੈ:-

ਹਾਇ ਨਾ ਧਰੀਕ ਸਾਨੂੰ,
ਹਾਇ ਵੇ ਨ ਮਾਰ ਖਿੱਚਾ,
ਹਾਇ ਨਾ ਵਿਛੋੜ, ਗਲ,
ਲੱਗਿਆਂ ਨੂੰ ਪਾਪੀਆ!

ਹਾਇ ਨ ਤੁਣੱਕੇ ਮਾਰੀਂ !
ਖਿੱਚ ਨਾ ਢਟੱਕੇ ਦੇ ਦੇ
ਵਰ੍ਹਿਆਂ ਦੀ ਲੱਗੀ ਸਾਡੀ
ਤੋੜ ਨਾ ਸੰਤਾਪੀਆ !
ਹਾਇ ਨ ਵਲੂੰਧਰੀਂ ਵੇ !
ਸੱਟੀਂ ਨ ਉਤਾਰ ਭੁੰਵੇਂ,
ਸੱਜਣ ਗਲੋਂ ਟੁੱਟੀਆਂ,
ਹੋ ਜਾਸਾ ਇਕਲਾਪੀਆ !
ਮੇਰੇ ਹਡ ਤਾਣ ਨਹੀਂ
ਸਕਾਂ ਨ ਖੜੋਇ ਪੈਰੀਂ,
ਖੜੀ ਸਜਣ ਆਸਰੇ ਹਾਂ
ਅਬਲਾ ਮੈਂ ਅਮਾਪੀਆ !
ਪਜਾਰੇ ਨਾ ਵਿਛੋੜੀਏ ਵੇ,
ਮਿਲੇ ਨਾ ਨਿਖੇੜੀਏ ਵੇ,
ਆਸਰੇ ਨ ਤੋੜੀਏ ਵੇ
ਅਵੇ ! ਪਾੜੀਏ ਨ ਜੋੜੀਆਂ ।
ਵਸਲ ਵੇਖ ਖੀਝੀਏ ਨਾ,
ਅੱਡ ਕਰ ਰੀਝੀਏ ਨਾ,
ਇਕ ਹੋਈਆਂ ਜਿੰਦੀਆਂ ਦੀਆਂ
ਹੁੰਦੀਆਂ ਨਹੀਓਂ ਕੋੜੀਆਂ ।
ਵਿੱਥ ਵਾਲੇ ਜਗ ਵਿਚ
ਵਿੱਥਾ ਪਾਈਆਂ ਚੱਪੇ ਚੱਪੇ;

ਅੱਡੋ ਅੱਡ ਸਭ ਕੋਈ
ਜੋੜੀਆਂ ਨੀ ਥੋੜੀਆ ।
ਵਿੱਥਾਂ ਮੇਟ ਇਕੋ ਹੋਏ
ਉਹਨਾਂ ਵੇਖ ਰੀਝਣਾ ਵੇ,
ਬਾਹੀਂ ਗਲੇ ਲਿਪਟੀਆਂ
ਨ ਚਹੀਏ ਕਦੇ ਤੋੜੀਆਂ ।

❀❀

# ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ

ਕੱਤਕ ਮੱਘਰ ਵਿਚ ਗੁਲਦਾਊਦੀ ਦੇ ਫੁੱਲਾਂ ਦੀ ਬਹਾਰ ਪੰਜਾਬ ਵਿਚ ਬਸੰਤ ਰੁਤ ਨੂੰ ਵੀ ਮਾਤ ਕਰਦੀ ਹੈ । ਡੂੰਘੇ ਸਿਆਲੇ ਜਦ ਏ ਖਿੜੀ ਬਹਾਰ ਬਿਤੀਤ ਹੋਣ ਲੱਗਦੀ ਹੈ ਤਦ ਰਸਿਕ ਦਿਲਾਂ ਨੂੰ ਖੋਹ ਪੈਂਦੀ ਹੈ, ਉਸ ਵੇਲੇ ਦੇ ਦਿਲ ਤਰੰਗ ਇਹ ਹਨ :–

ਬਰਸ ਦਿਨਾਂ ਅਸੀਂ ਤਾਂਘਾਂ ਲਾਈਆਂ
ਤੁਸਾਂ ਵੀਹ ਦਿਨ ਦਰਸ ਦਿਖਾਏ
ਦਰਸ ਤੁਸਾਡੇ ਅਸੀਂ ਲੁਭਾਏ,
ਜਿਨ੍ਹਾਂ ਮਾਨੁਖ ਦਰਸ ਭੁਲਾਏ,
ਹਰਦਮ ਖਿੜੇ ਮਿਲੋ ਹੇ ਮਿੱਤ੍ਰ !
ਤੁਸਾਂ ਮੱਥੇ ਵੱਟ ਨ ਪਾਏ ।

ਸੀਨੇ ਸਾਫ ਕੀਨਿਓਂ ਤੁਹਾਡੇ,
ਤੁਸਾਂ ਵੈਰ ਨ ਕਦੇ ਕਮਾਏ।
ਜਦ ਦੇਖੋਂ ਤਦ ਹੱਸਦੇ, ਹੱਸਦੇ
ਤੁਸਾਂ ਪਜਾਰੇ ਰੂਪ ਬਣਾਏ।
ਡਿਠਜਾਂ ਖਿੜੇ ਕਾਲਜਾ ਸਾਡਾ,
ਅਸਾਂ ਦੇਖ ਦੇਖ ਸੁਖ ਪਾਏ।
ਖੀਵੇ ਹੋਈਏ ਮਿਲ ਮਿਲ ਤੁਹਾਨੂੰ,
ਅਸਾਂ ਚੜ੍ਹ ਸਰੂਰ ਇਕ ਜਾਏ।
ਦੁਨੀਆਂ ਤੁਸਾਂ ਭੁਲਾਈ ਸਾਨੂੰ,
ਵਿਚ ਰੂਪ ਆਪਣੇ ਲਾਏ।
ਵੀਹ ਦਿਨ ਲਾਕੇ ਯਾਰੀ ਸੱਜਣੋਂ!
ਹੁਣ ਕਿਉਂ ਹੋਏ ਉਦੁਸਾਏ?
ਵਿਹੜਾ ਬਣੂੰ ਉਜਾੜ ਅਸਾਡੀ,
ਤੁਸਾਂ ਜਦ ਇਹ ਰੂਪ ਲੁਕਾਏ।
ਥਕਿਆਂ ਨੂੰ ਕੌਣ ਹਸ ਹਸ ਮਿਲਸੀ,
ਅਸਾਂ ਅੱਕਿਆਂ ਕੌਨ ਹਸਾਏ?
ਦਿਲ ਦੁਖਿਆ ਟਹਿਕਾਸੀ ਕਿਹੜਾ,
ਅਸਾਂ ਓਦਰਿਆਂ ਪਰਚਾਏ?
ਹੇ ਨਿਰਛਲ ! ਹੇ ਭੋਲੇ ਮਿੱਤ੍ਰ !
ਅਵੇ ਸੁਹਣੇ ਸੁਹਜ ਸੁਹਾਏ !
ਲੁਕ ਚੱਲੇ ਹੋ ਕਿਉਂ ਹੁਣ ਸਾਥੋਂ,
ਏਹ ਸੁਹਣੇ ਨੈਣ ਮਿਟਾਏ ?

ਕੁਦਰਤ ਦੀ ਸਭ ਰਚਨਾਂ ਵਿਚੋਂ
ਏਹ ਮਾਨੁਖ ਉੱਚ ਉਚਾਏ।
ਪਰ ਇਸ ਅਕਲਾਂ ਵਾਲੇ ਸੁਹਣੇ
ਹਨ ਖੇੜੇ ਹੁਣ ਵਿਸਰਾਏ।
ਕੁੜ੍ਹਦੇ ਖਿਝਦੇ ਸੜਦੇ ਦਿਸਦੇ,
ਅਤੇ ਕੁਮਲਾਏ ਮੁਰਝਾਏ ।
ਹੈ ਸ੍ਰਦਾਰ ਏ ਕਾਇਨਾਤ ਦਾ,
ਐਪ੍ਰ ਅਸਲੇ ਏਨ ਭੁਲਾਏ ।
ਤੁਸੀਂ ਖਰੇ ਤੇ ਭਲੇ ਭਲੇ ਹੋ,
ਰਹੇ ਅਸਲੇ ਟੇਕ ਟਿਕਾਏ।
ਖਿੜੇ ਰਹੋ ਤੇ ਦਿਓ ਨਿਤ ਖੇੜਾ,
ਦਰਸ਼ਨ ਆ ਜੁ ਤੁਹਾਡਾ ਪਾਏ।
ਪਿਆਰ ਤੁਹਾਡੇ ਕਦੇ ਕਵੀ ਜਨ,
ਜੀਓ, ਰਹਿੰਦੇ ਸਦਾ ਲੁਭਾਏ ।
ਹੱਛਾ ਸੱਜਣੋ ! ਵਿਦਾਅ ਵਿਦੈਗੀ,
ਤੁਸਾਂ ਕੁਦਰਤ ਹੁਕਮ ਮਨਾਏ।
ਵਰ੍ਹੇ ਦਿਨਾਂ ਅਸੀਂ ਤਾਂਘ ਕਰਾਂਗੇ,
ਤੁਸਾਂ ਦਰਸ਼ਨ ਲੋਭ ਲੁਭਾਏ ।
ਅਲਵਿਦਿਆ ਹੁਣ ਵਿਦਾ ਤੁਹਾਨੂੰ,
ਜੀਓ ਪਿਆਰੀ ਅਲਵਿਦਿਆਏ।

# ਖੇੜਾ

ਫੁੱਲ ਫਲ ਦੇਣੋਂ ਹੁੱਟ ਗਏ ਇਕ ਸੰਤਰੇ ਦੇ ਬੂਟੇ ਨੂੰ ਬਾਲਣ
ਲਈ ਵੱਢ ਕੇ ਲੈ ਜਾ ਰਹੇ ਸਮੇਂ ਦੇ ਦਿਲ ਤਰੰਗ :-

ਸ਼ਾਖ਼ਾਂ ਇਕ ਸੰਤਰੇ ਦੀਆਂ
ਵੱਢ ਕੁਹਾੜੇ ਨਾਲ,
ਜਾਂਦੀਆਂ ਲਦੀਆਂ ਗੱਡ ਤੇ
ਕਹਿੰਦੀਆਂ ਹੋ ਬੇਹਾਲ :-

ਜਦ ਸਾਂ ਖੇੜੇ ਖਿੜਦੀਆਂ
ਰਹਿੰਦੀਆਂ ਮੁਸ਼ਕ ਮਚਾਇ
ਫਲਦੀਆਂ ਜੋਬਨ ਮੱਤੀਆਂ
ਰਸ ਭਰੀਆਂ ਰੰਗ ਲਾਇ।

ਆਦਰ ਭਰੀਆਂ ਅੱਖੀਆਂ
ਚੁੰਮਣ ਸਾਡੇ ਪੈਰ,
ਜੀਭਾਂ ਸਿਫਤ ਸਲਾਹ ਦੀਆਂ
ਆ ਆ ਮੰਗਣ ਖੈਰ।

ਦਿਲ ਝੁਕਦੇ ਆ ਸਾਹਮਣੇ
ਖਿੜਦੇ ਲੈ ਵਿਸਮਾਦ,
ਛੂਤ ਅਸਾਡੇ ਖੇੜਿਓ,
ਜਗ ਨੂੰ ਕਰਦੀ ਸ਼ਾਦ।

ਛਡਿਆ ਜਦ ਖਿੜਨਾ ਅਸਾਂ
ਰੰਗ ਰੂਪ ਰਸ ਨਾਲ,

ਫਲਣਾ ਫੁਲਣਾ ਛੱਡਿਆ
'ਹਰੇ ਰਹਿਣ' ਦਾ ਮਾਲ,

–ਤਦੋਂ ਕੁਹਾੜਾ ਆ ਗਿਆ,
–ਫਿਰਿਆ ਸ਼ਾਖੋ ਸ਼ਾਖ,

ਜੜ੍ਹ ਮੂਲੋਂ ਵੱਢ ਡੇਗਿਆ,
ਢੇਰੀ ਕੀਤਾ ਖ਼ਾਕ।

ਬਾਲਣ ਬਾਲਣ ਆਖ ਕੇ
ਲੱਦ ਲਿਚੱਲੇ ਹਾਇ,

ਓਹੋ ਹੱਥ ਤੰਦੂਰ ਨੂੰ,
ਵੇਖੋ ਸਹੀਓ ਆਇ,

ਜਿਹੜੇ ਕਰਦੇ ਅਸਾਂ ਦੀ
ਸੇਵਾ ਸਨ ਚਿਤ ਲਾਇ

ਸੁਖਦੇ ਹੁੰਦੇ ਸੁੱਖਣਾਂ
ਸਾਡੀ ਖ਼ੈਰ ਮਨਾਇ।

ਜਿੰਦ ਜਿ ਢਹਿੰਦੀ ਖੇੜਿਓਂ
ਢੈ ਪੈਂਦੀ ਦੇਹ ਨਾਲ,

ਜਿੰਦੜੀ ਹੈ ਜਿਉਂ ਆਸਰਾ
ਇਸ ਦੇਹੀ ਦਾ ਲਾਲ !

ਤਿਉਂ 'ਖੇੜਾ' ਹੈ ਆਸਰਾ
ਇਸ ਜਿੰਦੜੀ ਦਾ ਮਾਲ।

ਖੇੜਾ ਜਿੰਦੜੀ ਇੱਕ ਹਨ
ਇੱਕ ਦੁਹਾਂ ਦੀ ਚਾਲ।



 www.sikhbookclub.com

ਸੁਰਤ ਸਦਾ ਖਿੜਦੀ ਰਹੇ
ਕਦੇ ਨ ਮਿਲੇ ਗਿੜਾਇ,
ਖੇੜਾ ਛੱਡ ਕੇ ਢੱਠਿਆਂ,
ਕਿਤੇ ਨ ਮਿਲੇ ਟਿਕਾਇ ।

✿✿

## ਚਾਂਦਨੀ

ਉੱਚੇ ਪਰਬਤਾਂ ਤੇ ਦਿਆਰਾਂ ਯਾ ਕੇਲੋਂ ਦੇ ਬ੍ਰਿਛ ਹੁੰਦੇ ਹਨ,
ਜਿਨ੍ਹਾਂ ਦੇ ਪੱਤੇ ਸੂਈਆਂ ਵਾਂਗੂੰ ਖੜੇ ਹੁੰਦੇ ਹਨ । ਖਿੜੀ
ਚਾਂਦਨੀ ਦੀਆਂ ਰਿਸ਼ਮਾਂ ਦੇ ਇਨ੍ਹਾਂ ਪੱਤਿਆਂ ਤੇ
ਪੈਣ ਸਮੇਂ ਦੇ ਦਿਲ ਤਰੰਗ :–

ਸੂਈਆਂ ਨਾਲੋਂ ਨਿੱਕੇ ਨਿੱਕੇ
ਚਾਂਦਨੀ ਦੇ ਪੈਰ ਸਹੀਓ !
ਕੇਲੋਂ ਦੀਆਂ ਸੂਈਆਂ ਉਤੇ
ਆਨ ਆਨ ਟਿੱਕਦੇ,
ਏਥੋਂ ਛਾਲ ਮਾਰ ਟੱਪ
ਪੈਣ ਚਿੱਟੇ ਪਥਰਾਂ ਤੇ,
ਓਥੋਂ ਕੁੱਦ ਹੇਠ ਖੱਡ
ਪਾਣੀ ਉੱਤੇ ਡਿੱਗਦੇ,
ਲਹਿਰਾਂ ਦੇ ਉੱਤੇ ਉੱਤੇ
ਤਿਲ ਮਿਲ ਖੇਡਨੇ ਨੀ,
ਪੋਲੇ ਪੋਲੇ ਰੱਖ ਰੱਖ
ਠੁਮਕ ਠੁਮਕ ਠਿੱਕਦੇ ।

ਨਾਚ ਕਰਨ ਪਾਣੀ ਉਤੇ,
ਲਾਸਾਂ ਮਾਰਨ ਪੌਣ ਵਿਚ,
ਚਾਂਦਨੀ ਦੇ ਨੈਣ ਉੱਪਰ
ਚੰਦ ਵੱਲ ਤੱਕਦੇ ।

ਚੰਦ ਭਰਿਆ ਪਜਾਰ ਨਾਲ
ਤੱਕੇ ਵੱਲ ਚਾਂਦਨੀ ਦੇ,
ਤੱਕਦਾ ਏ ਸਾਰਾ, ਸਹੀਓ !
ਅੱਖ ਹੀ ਜੇ ਹੋ ਰਿਹਾ ।

ਚਾਨਣ ਚੰਦ ਦੇਂਵਦਾ ਜੇ
ਚਾਨਣਾ ਏ ਆਪ ਸਾਰਾ,
ਚਾਨਣੀ ਦੇ ਚਾਨਣੇ ਨੂੰ
ਵੇਖ ਰੀਝ ਜੇ ਰਿਹਾ ।

ਚਾਨਣੇ ਦੇ ਰੂਪ ਪਜਾਰ
ਭੇਜਦਾ ਏ ਚਾਂਦਨੀ ਨੂੰ,
ਲਗਾਤਾਰ 'ਪਜਾਰ-ਮੀਂਹ'
ਚੰਦ ਹੇਠ ਦੇ ਰਿਹਾ ।

ਚਾਂਦਨੀ ਨ ਲੋਭਦੀ ਹੈ
ਹੇਠਾਂ ਕਿਸੇ ਪਜਾਰ ਹੋਰ,
ਧਿਆਨ ਚੰਦ ਵਿਚ, ਖਿੱਚ
ਉਤਾਂਹ ਮਨ ਲੈ ਰਿਹਾ ।

ਖੱਡਾਂ ਨਦੀ ਨਾਲਿਆਂ ਤੇ
ਖੇਡਾਂ ਬਨਾਂ ਜੰਗਲਾਂ ਤੇ,

ਸ਼ਹਿਰਾਂ ਪਿੰਡਾਂ ਸਭਨਾਂ ਤੇ
ਚਾਂਦਨੀ ਹੈ ਪੈ ਰਹੀ ।
ਰਾਜਿਆਂ ਅਮੀਰਾਂ ਤੇ ਗ਼ਰੀਬਾਂ
ਪਾਪੀ ਪੁੰਨੀਆਂ ਦੇ,
ਸਾਰਿਆਂ ਦੇ ਦ੍ਵਾਰਿਆਂ ਤੇ
ਚਾਨਣਾ ਹੈ ਦੈ ਰਹੀ ।
ਵ੍ਯਾਪੀ ਸਾਰੇ ਦਿੱਸਦੀ ਪੈ
ਖਚਿਤ ਕਿਸੇ ਵਿਚ ਨਾਂਹਿ,
ਧ੍ਯਾਨ ਲਾਇਆਂ ਚੰਦ ਵਿਚ
'ਚੰਦ-ਖਿੱਚ' ਪੈ ਰਹੀ ।
ਚੰਦ ਪ੍ਯਾਰੇ* ਚਾਂਦਨੀ ਨੂੰ,
ਚਾਂਦਨੀ ਖਿਚੀਵੇ ਚੰਦ,
ਵੱਸ ਮਾਤਲੋਕ† ਸ੍ਵਾਦ
ਅਰਸ਼ਾਂ ਦਾ ਜੋ ਲੈ ਰਹੀ ।

❁❁

*ਪਿਆਰ ਕਰਦਾ ।
†ਧਰਤੀ ਤੇ ।

# ਜਮਨਾਂ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿੱਚ :–

ਪਾਉਂਟਾ ਉਹ ਰਮਣੀਕ ਥਾਂ ਹੈ ਜਿੱਥੇ ਜਮਨਾਂ ਪਹਾੜ ਤੇ ਦੂਣ ਨੂੰ ਛੱਡ ਮੈਦਾਨੀਂ ਦਾਖਲ ਹੋਣ ਲੱਗਦੀ ਹੈ ਕਲ-ਗੀਆਂ ਵਾਲੇ ਨੇ ਏਥੇ ਡੇਰਾ ਲਾਇਆ,ਕੋਟ ਤੇ ਟਿਕਾਣਾ ਪਾਇਆ ਤੇ ਕੁਛ ਕਾਲ ਬੜੇ ਅਨੰਦ ਵਿਚ ਰਹੇ। ਜਮਨਾ ਵਿਚ ਅਠਖੇਲੀਆਂ ਕਰਦੇ, ਕਿਨਾਰੇ ਤੇ ਦੀਵਾਨ ਸਜਾਉਂਦੇ,ਕੀਰਤਨ ਹੁੰਦੇ ਆਪ ਨਾਦ ਕਰਦੇ ਹੁੰਦੇ ਸੇ। ਕਿਤਨੀ ਕਾਵਯ ਰਚਨਾ ਏਥੇ ਹੀ ਹੋਈ। ਜਮਨਾਂ ਓਦੋਂ ਦੀ ਮਾਨੋਂ ਆਪ ਦੇ ਪਿਆਰ ਵਿਚ ਬਾਹਰੋਂ ਸਿਰ ਚਾਈ ਹੁਣ ਤਕ ਆਪਦੀ ਤਲਾਸ਼ ਵਿਚ ਹੈ ਉਸਦੇ ਪ੍ਰੇਮ ਰਸ ਆਟੇ ਦਿਲਤਰੰਗ ਇਸ ਕਵਿਤਾ ਵਿਚ ਅੰਕਿਤ ਹਨ:-

ਜਮਨਾ:-ਜੀਉਂਦਾ ਸੀ ਇੱਕ ਸਹੀਓ !  
ਪਾਉਂਟੇ ਟਿਕਾਣੇ ਮੇਰੇ,  
ਸਮਾਂ ਹੋਇਆ ਢੇਰ ਸਾਰਾ  
ਆਣ ਏਥੇ ਨ੍ਹਾ ਗਿਆ।

ਖਿੜਿਆ ਉਹ ਟੁਰਦਾ ਆਵੇ  
ਉੱਛਲ ਕੇ ਛਾਲਾਂ ਮਾਰੇ  
ਚਾਉ ਕਰ ਮਾਰੇ ਟੁੱਭੀ  
ਤਾਰੀਆਂ ਭੀ ਲਾ ਗਿਆ।

ਖੇਡਦਾ ਖਿਡਾਂਦਾ ਸਹੀਓ !
ਪਿੜ ਸੀ ਜਮਾਂਦਾ ਸਹੀਓ !
ਹੱਸਦਾ ਹਸਾਂਦਾ ਸਹੀਓ !
ਰੰਗ ਸੀ ਜਮਾ ਗਿਆ ।

ਮਿੱਠੀ ਮਿੱਠੀ ਪਜਾਰੀ ਪਜਾਰੀ,
ਕਾਲਜੇ ਨੂੰ ਧੂਣ ਵਾਲੀ,
ਖਿੱਚ ਕੇ ਹਲੂਣ ਵਾਲੀ
ਵੀਣਾ ਸੀ ਵਜਾ ਗਿਆ ॥ ੧ ॥

ਨੇਹੁ ਸੀ ਲਗਾ ਕੇ ਸਹੀਓ !
ਕਾਲਜਾ ਚੁਰਾ ਕੇ ਸਹੀਓ !
ਖਿੱਚ ਦਾ ਤਣੁੱਕਾ ਲਾ ਕੇ
ਆਪਾ ਨੀ ਛਿਪਾ ਗਿਆ ।

ਢੂੰਡ ਉਹਦੀ ਪਈ ਮੈਨੂੰ,
ਧਾਈ ਧਾਈ ਫ਼ਿਰਾਂ ਸਹੀਓ !
ਉਚੇ ਨੀਵੇਂ ਥਾਂਉਂ ਜਾਇ
ਸਾਰੇ ਮੈਂ ਪੁਛਾ ਲਿਆ ।

ਭੈਣਾਂ ਤੋਂ ਮੈਂ ਪੁੱਛ ਹਾਰੀ
ਰਲ ਮਿਲ ਟੋਲ ਕੀਤੀ,
ਥਲ ਢੂੰਡ ਗਈਆਂ ਸਾਗਰ
ਸਮੁੰਦ ਸਾਰਾ ਭਾਲਿਆ ।

ਭਾਲ ਸਾਰੀ ਗਈ ਐਵੇਂ
ਧਰਤੀ ਤੇ ਮਿਲੇ ਨਾਹੀਂ,

ਪੌਣ ਮੋਢੇ ਚੜ੍ਹੀ ਫੇਰ
ਢੂੰਡਣ ਸਿਰ ਚਾ ਲਿਆ ॥੨॥
ਦੇਸ਼ ਦੇਸ਼, ਦੁਆਰ ਦੁਆਰ,
ਖੰਡ ਖੰਡ, ਗਲੀ, ਕੂਚੇ,
ਉੱਚੀ ਉੱਚੀ, ਉੱਡ ਉੱਡ,
ਨੀਝ ਲਾ ਤਕਾ ਲਿਆ ।
ਹੰਢ ਹੰਢ, ਉੱਡ ਉੱਡ,
ਲੱਭ ਲੱਭ ਸਾਰੇ ਥਾਉਂ,
ਨਿਖੁੱਟੀ ਨੇ ਹਿਮਾਲੇ ਦਾ
ਆ ਆਸਰਾ ਤਕਾ ਲਿਆ ।
ਪੌਣ ਦਾ ਸਰੂਪ ਛੱਡ
ਪਾਣੀ ਵਾਲੇ ਰੂਪ ਆਈ,
ਫੇਰ ਉਸੇ ਜੱਗ ਵਿਚ
ਢੂੰਡਣ ਸਿਰ ਚਾ ਲਿਆ ।
ਉਹਨੀਂ ਉਹਨੀਂ ਰਾਹੀਂ ਆਈ,
ਠੰਢੀ ਠਾਰ ਨਵੀਂ ਨਵੀਂ,
ਨਵਾਂ ਓਹੋ ਰੂਪ ਧਾਰ
ਨਵੇਂ ਸਿਰੇ ਭਾਲਿਆ ॥ ੩ ॥
ਭਾਲਦੀ ਪਹਾੜ ਘਾਟੀ
"ਪਾਉਂਟੇ" ਮੈਂ ਫੇਰ ਆਈ,
ਤੱਕ ਤੱਕ ਸਾਰੀ ਲਾਂਭ
ਸੁਹਣੇ ਨੂੰ ਸੰਭਾਲਿਆ ॥

ਉਤਾਵਲੀ ਸੰਭਾਲਦੀ ਮੈਂ
ਭਾਲਦੀ ਤੇ ਪੁੱਛਦੀ ਨੂੰ
ਮਿਲੇ ਨਹੀਂ ਕਿਸੇ ਥਾਉਂ
ਰੂਪ ਨਾ ਦਿਖਾਲਿਆ ।

ਹਰਜਾਨੜੀ ਬਉਰਾਨੜੀ ਮੈਂ
ਤਾਂਘ ਬੱਧੀ ਟੁਰੀ ਜਾਵਾਂ,
ਤੁਰੀ ਜਾਵਾਂ, ਤੁਰੀ ਜਾਵਾਂ,
ਤੁਰਨ ਨੇਹੁੰ ਲਗਾ ਲਿਆ ॥

ਜਲੇ ਨਾਹੀਂ ਥਲੇ ਨਾਹੀਂ
ਕਿਤੇ ਮੁੜ ਕੇ ਮਿਲੇ ਨਾਹੀਂ,
ਪੌਣ ਸਾਰੀ ਫੋਲ ਮਾਰੀ
ਜਗਤ ਸਾਰਾ ਭਾਲਿਆ ॥੪॥

ਕਈ ਵਾਰ ਥੰਲੇ ਆਈ
ਫੇਰ ਜਲ ਗਈ ਧਾਈ,
ਵਾਇ ਮੰਡਲ ਉਡ ਫੇਰ
ਗੇੜ ਸਾਰੇ ਲਾ ਲਿਆ ।

ਵਰ੍ਹੇ ਤੇ ਮਹੀਨੇ ਬੀਤੇ
ਸਦੀਆਂ ਨੇ ਰਾਹ ਲੀਤੇ
ਮੈਂ ਬੀ ਕਈ ਗੇੜ ਕੀਤੇ
ਥਹੁ ਕਿਤੋਂ ਨਾਂਹ ਪਿਆ ।

ਜੋਗੀ ਅਤੇ ਤਪੀ ਆਏ
ਗਿਆਨੀ ਅਤੇ ਤਪੀ ਆਏ,

ਘਾਲੀਆਂ ਅਨੇਕਾਂ ਦਾ ਹੈ
ਫੇਰਾ ਏਥੇ ਆ ਪਿਆ !
ਪੁੱਛਿਆਂ ਦਸਾਣ ਸਾਰੇ
ਆਤਮਾ ਦਾ ਪਤਾ ਦੇਣ,
ਆਖਣ, 'ਅਰੂਪ ਹੋ ਕੇ
ਜੋਤੀ ਹੈ ਸਮਾ ਗਿਆ ।।੫।।
'ਅਰਸ਼ਾਂ ਵਿ'ਚ ਨੂਰ ਉਹਦਾ
'ਕੁਰਸ਼ਾਂ ਵਿ'ਚ ਜੋਤਿ ਉਹਦੀ
'ਧਰਤੀ ਪਰ ਚਾਨਣਾ
ਅਰੂਪ ਹੈ ਜਗਾ ਗਿਆ, !
ਪੈਂਦੀ ਹੋਊ ਜੋਗੀਆਂ ਨੂੰ
ਠੰਢ ਐਦਾਂ ਆਖ ਲੋਕੋ !
ਮੈਨੂੰ ਤਾਂ ਤਸੱਲੀ ਐਉਂ
ਕੋਈ ਨਾ ਬਨ੍ਹਾ ਗਿਆ ।
ਉਹੋ ਹੋਵੇ ਰੂਪ ਪਜਾਰਾ,
ਬਾਕੀ ਓ ਨੁਹਾਰ ਹੋਵੇ,
ਤੇਜ ਜਥੇ ਪਜਾਰ ਵਾਲਾ
ਰੂਪ ਜੋ ਦਿਖਾ ਗਿਆ ।
ਕਲਗੀ ਪ੍ਰਕਾਸ਼ ਹੋਵੇ
ਤੀਰ ਤੇ ਕਮਾਨ ਸੋਹਵੇ
ਮੋਹਨ ਹਾਰੀ ਆਨ ਹੋਵੇ
ਬਾਨ ਜੋ ਬਨ੍ਹਾ ਗਿਆ ।। ੬ ।।

ਆਵੇ ਧਾਇ ਧਾਇ ਓਦਾਂ,
ਛਾਲਾਂ ਮਾਰ ਤਰੇ ਓਦਾਂ,
ਟੁੱਭੀਆਂ ਲਗਾਇ ਖੇਡੇ,
ਕਦੇ ਜਿਉਂ ਖਿਡਾ ਗਿਆ ।

ਰੰਗ ਆ ਜਮਾਵੇ ਓਦਾਂ,
ਕੀਰਤਨ ਸੁਣਾਵੇ ਓਦਾਂ,
ਵੀਣਾਂ ਵੀ ਵਜਾਵੇ ਓਦਾਂ,
ਕਦੇ ਜਿਉਂ ਵਜਾ ਗਿਆ ।

ਸਾਨੂੰ ਠੰਢ ਪਵੇ ਤਾਹੀਓਂ !
ਸ੍ਵਾਦ ਦਿਲ ਰਮੇਂ ਸਹੀਓ !
ਅੰਗ ਅੰਗ ਖਿੜੇ ਸਹੀਓ,
ਆਪਾ ਜਿਉਂ ਖਿੜਾ ਗਿਆ ।

ਐਦਾਂ ਜੇ ਨ ਆਵਣਾ ਸੂ,
ਲੁਕ ਕੇ ਤਰਸਾਵਣਾ ਸੂ,
ਰੂਪ ਨਾ ਦਿਖਾਵਣਾ ਸੂ,
ਏਹੋ ਸੂ ਜੇ ਭਾ ਗਿਆ ॥ ੭ ॥

ਤਾਂ ਮੈਂ ਬੀ ਹਾਂ ਰਜ਼ਾ ਰਾਜ਼ੀ
ਸਿਰ ਧੜ ਲੱਗੀ ਬਾਜ਼ੀ,
ਢੂੰਡ ਮੇਰੀ ਸਦਾ ਤਾਜ਼ੀ
ਨੇਮ ਇਹ ਬਣਾ ਲਿਆ;

ਓਸੇ ਰੰਗ ਦਰਸ ਲੈਣੇ
ਓਸੇ ਰੂਪ ਪਰਸਣਾ ਹੈ,

ਓਵੇਂ ਵੇਖ ਸਰਸਣਾ ਹੈ
ਧਰਮ ਇਹ ਧਰਾ ਲਿਆ ।

ਜੁਗ ਜੁਗ, ਜਨਮ ਜਨਮ,
ਸਦੀ ਸਦੀ, ਦੌਰ ਦੌਰ,
ਰਹੇ ਜੋ ਉਹ ਉੱਥੇ ਜਿੱਥੇ
ਡੇਰਾ ਸੂ ਲਗਾ ਲਿਆ ।

ਸੰਭਾਲ ਅਸਾਂ ਛੱਡਣੀ ਨਾ
ਭਾਲ ਕਦੇ ਤਜ਼ਾਗਣੀ ਨਾਂ,
ਸਿੱਕਣ ਤੇ ਤਰਸਣਾਂ ਤੇ
ਰੋਵਣਾ ਜੀ ਲਾ ਲਿਆ ॥ ੮ ॥

'ਧਯਾਨ' ਰਖਾਂ ਰੂਪ ਪਯਾਰੇ
'ਨਾਮ' ਪਯਾਰਾ ਜਾਪ ਜਾਪਾਂ
'ਖਿੱਚ' ਵਿਚ ਖਿੱਚੀ ਰਹਾਂ
'ਪਯਾਰ' ਜੀ ਵਿਨ੍ਹਾ ਲਿਆ ।

ਏਦਾਂ ਏਦਾਂ ਟੁਰੀ ਜਾਣਾਂ,
ਜਲੋਂ ਥਲ, ਥਲੋਂ ਜਲ,
ਜਲੋਂ ਪੌਣ, ਪੌਣੋਂ ਥਲ
ਜੋਗੀ ਕੰਮ ਚਾ ਲਿਆ ।

ਜਮੁਨਾ ਨਿਮਾਣੀ ਵਾਲੇ
ਵੈਣ ਸਹੀਓ ਸੁਣੀ ਜਾਣੇਂ
ਰੈਣ ਦਿਨ ਲੱਗੀ ਟੋਲ
ਝਾਕਾ ਇਕ ਪਾ ਲਿਆ ।

'ਜੀਉਂਦਾ' ਦੀਦਾਰ ਸਹੀਓ
ਇਕ ਵੇਰ ਪਾਇਆ ਸਾਜੇ
ਤਦ ਦੀ ਦੀਦਾਰ ਮੋਹੀ
ਆਪਾ ਮੈਂ ਮੁਹਾ ਲਿਆ ॥੯॥
ਦਿਓ ਨੀ ਅਸੀਸ ਕੋਈ,
ਤਰਸ ਆਵੇ 'ਜੀਉਂਦੇ' ਨੂੰ,
ਰੂਪ ਧਾਰ ਫੇਰ ਆਵੇ
ਬਿਰਹੁ ਜੋ ਭੜਾ ਗਿਆ।
ਮੈਂ ਹਾਂ ਨਿਮਾਣੀ ਨੀਵੀਂ,
ਰੂਪ ਹੈ ਸਥੂਲ ਮੇਰਾ
ਦੇਸ਼ ਓਹਦੇ ਪਹੁੰਚ ਨਾਹੀਂ
ਨੂਰ ਜੋ ਵਸਾ ਰਿਹਾ।
ਉਸ਼ੇ ਨੂੰ ਤਰਸ ਆਵੇ
ਮਿਹਰ ਧਾਰ ਹੇਠ ਆਵੇ
'ਦਿੱਸਦੇ-ਦੀਦਾਰ' ਲਜਾਵੇ
ਦਰਸ ਜੋ ਦਿਖਾ ਗਿਆ।
ਲੱਲ ਏਹੋ ਲਗੀ ਸਾਨੂੰ,
ਮੰਗ ਸਾਡੀ ਸਦਾ ਏਹੋ,
ਹੋਇਗਾ ਦਿਆਲ ਜਿਹੜਾ
ਚਾਟ ਸਾਨੂੰ ਲਾ ਗਿਆ ॥੧੦॥

❋❋❋

## ਨਰਗਸ (ਉਤਾਂਘ ਨੈਣੀ।)

ਨਰਗਸ ਯਾ ਉਤਾਂਘ ਨੈਣੀ* ਸਿਆਲੇ ਦਾ ਫੁੱਲ ਹੈ ਜੋ ਪਹਾੜਾਂ
ਵਿਚ ਤੇ ਮੈਦਾਨੀ ਪੰਜਾਬ ਦਿਆਂ ਬਾਗਾਂ ਵਿਚ ਹੁੰਦਾ ਹੈ।
ਇਕ ਲੰਮੀ ਗੰਦਲ ਦੇ ਸਿਰੇ ਤੇ ਲੱਗਦਾ ਤੇ ਤਾਂਘ
ਭਰੀਆਂ ਅੱਖਾਂ ਵਾਂਙੂ ਉਡੀਕ ਦਾ ਇਕ ਸਰੂਪ ਬਣ
ਖੜੋਂਦਾ ਹੈ। ਐਉਂ ਜਾਪਦਾ ਹੈ ਕਿ ਕੋਈ ਇਕ
ਦੀਦਾਰ-ਪ੍ਰੇਮਣ ਮਾਨੋਂ ਦੀਦਾਰ-ਲਗਨ
ਵਿਚ ਨਰਗਸ ਦਾ ਫੁੱਲ ਬਣ ਗਈ ਹੈ,
ਉਸ ਫੁੱਲ ਦੇ ਦਿਲ ਤਰੰਗ :–

ਨਰਗਸ ਆਖਦੀ ਹੈ :-

ਮੈਂ ਸਾਂ ਤੱਕਦੀ ਤੱਕਦੀ ਤੱਕ ਰਹੀਆਂ,
ਨਾਂਹੀ ਤੱਕਦੀ ਕਦੀ ਸਾਂ ਥੱਕ ਰਹੀਆਂ,
ਟੱਕ ਬੰਨ੍ਹ ਕੇ ਤੱਕ ਲਗਾਂਵਦੀ ਸਾਂ,
ਅੱਖਾਂ ਓਧਰੇ ਬੰਨ੍ਹ ਬਹਾਂਵਦੀ ਸਾਂ,

ਜਿਧਰ ਗਏ ਨਾ ਮੁੜੇ ਸਨ ਪਜਾਰ ਵਾਲੇ,
ਸੁਤੀਆਂ ਕਲਾਂ ਜਗਾਣ ਦੀ ਸਾਰ ਵਾਲੇ।
ਨੈਣ ਉਨ੍ਹਾਂ ਦੇ ਜਾਹ ਤੇ ਗੱਡ ਛੱਡੇ।
ਹੋਰ ਧਿਆਨ ਨੇ ਰਸਤੜੇ ਛੱਤ ਛੱਡੇ।

ਜੋਗੀ ਵਾਂਗ ਇਸ ਥਾਉਂ ਤੇ ਬੈਠ ਰਹੀਆਂ।
ਜਿਥੇ ਸੁਹਣੇ ਦੀਦਾਰ ਦੀ ਝਾਤ ਲਈਆਂ।
ਤਾੜੀ ਲੱਗ ਰਹੀਆਂ ਲਾਂਭ ਇਕ ਵੱਲੇ।
ਅੰਦਰੋਂ ਤਾਕਤਾਂ ਆਣਕੇ ਨੈਣ ਮੱਲੇ।

*ਕਸ਼ਮੀਰ ਵਿਚ ਇਸ ਨੂੰ ਇੰਬਰਜ਼ਲ ਆਖਦੇ ਹਨ।

ਸੁਰਤ ਛੱਡ ਬੈਠੀ ਹੋਰ ਆਹਰ ਸਾਰੇ,
ਦੇਖਣ ਦੇਖਣ ਦੀ ਲੱਗ ਗਈ ਇਕ ਕਾਰੇ।
ਅੱਖਾਂ ਅੱਡੀਆਂ ਅੱਥਰੂ ਨਾਲ ਭਰੀਆਂ।
ਕਦੇ ਉਛਲ ਉਮਾਹ ਤੋਂ ਆਸ ਹਰੀਆਂ*।

ਕਦੇ ਤਾਂਘ ਦੇ ਵਿਚ ਉਦਾਸ ਹੋਈਆਂ,
ਕਦੇ ਸਿੱਕ ਦੇ ਵਿਚ ਨਿਰਾਸ ਹੋਈਆਂ।
ਕਦੇ ਸੱਧਰਾਂ ਸੁੱਖਣਾਂ ਨਾਲ ਸਰੀਆਂ,
ਰੁਮਕੇ ਆਸ ਦੇ ਨਾਲ ਸਨ ਕਦੇ ਠਰੀਆਂ,

ਰਹੀਆਂ ਲੱਗੀਆਂ ਰਾਹ ਤਕਾਂਦੀਆਂ ਏ,
ਦਿਨੇ ਰਾਤ ਹੀ ਤਾਂਘਾਂ ਤੰਘਾਂਦੀਆਂ ਏ,
ਤੱਕ ਤੱਕ ਕੇ ਤਕਦੀਆਂ ਬੁੱਝ ਗਈਆਂ,
ਹਿੱਲਣ ਜੁੱਲਣ ਤੇ ਝਮਕਣਾ ਭੁੱਲ ਗਈਆਂ।

ਖਾਣਾ ਪੀਣਾ ਤੇ ਸੌਵਣਾ ਨੱਸ ਗਇਆ,
ਕੰਮ ਕਾਜ ਤੇ ਆਹਰ ਸਭ ਭੱਸ ਪਇਆ।
ਲੱਗੀ ਦੇਹ ਕੁਮਲਾਣ ਤੇ ਹੋਣ ਲਿੱਸੀ,
ਲਿੱਸੀ ਹੋਂਵਦੀ ਕਾਨੇ ਦੇ ਵਾਂਗ ਦਿੱਸੀ।

ਨੈਣ ਰਹੇ ਗੱਡੇ ਓਸੇ ਰਾਹ ਉਤੇ,
ਵਰ੍ਹੇ ਬੀਤ ਚੁੱਕੇ ਜਿਹੜੇ ਨਹੀਂ ਸੁੱਤੇ।
ਸਾਰੀ ਦੇਹ ਹੁਣ ਲਗੀ ਤਹਿਲੀਲ ਹੋਵਣ,
ਖਰ ਖਰ ਅੰਦਰੋਂ ਅੰਦਰੇ ਲੀਨ ਹੋਵਣ।

ਇਕ ਇਕ ਅੰਗ ਨੇ ਆਪਣਾ ਆਪ ਦਿੱਤਾ,
ਘੁਲ ਮਿਲੇ ਤੇ ਨੈਣਾਂ ਨੂੰ ਰਸਾ ਦਿੱਤਾ।

---

*ਉਮੈਦ ਵਿਚ ਸਰਵੀਆਂ।


www.sikhbookclub.com

'ਕਣੀ-ਪ੍ਰੇਮ' ਨੈਣਾਂ ਜੋਤ ਬਾਲਦੀ ਸੀ,
ਜੀਉਂਦੀ ਕਣੀਂ ਏ ਨੈਣਾਂਜੀਵਾਲਦੀ ਸੀ।

ਜੀਉਂਦੇ ਰਹੇ ਏ ਪ੍ਰੇਮ ਦੇ ਨਾਲ ਜੀਵੇ,
ਰਾਹ ਪ੍ਰੀਤਮ ਦਾ ਦੇਖ ਕੇ ਸਿੱਕ ਖੀਵੇ।

ਏਹਨਾਂ ਜੀਉਂਦਿਆਂ ਤੋਂ ਗਏ ਅੰਗ ਵਾਰੇ,
ਆਪਾ ਏਸ ਨੂੰ ਦੇਂਵਦੇ ਗਏ ਸਾਰੇ।

ਅੰਤ ਰਹਿ ਗਈ ਸਾਵਾ ਇਕ ਤੀਲੜਾ ਮੈਂ,
ਰੰਗ ਅੱਖ ਦਾ ਪਲਟਿਆ ਪੀਲੜਾ ਮੈਂ!

ਇਕ ਟਕ ਲੱਗੇ ਨੈਣ ਇਕ ਹੋ ਗਏ,
ਚਿੱਟੇ ਡੇਲਿਆਂ ਵਿਚ ਪੀਲਿਕ ਹੋ ਗਏ।

ਜਦੋਂ ਦੇਹ ਸਾਰੀ ਤਹਿਲੀਲ ਹੋ ਗਈ,
ਤਦੋਂ ਧਰਤ ਦੀ ਪਜਾਰ ਦਲੀਲ ਹੋ ਗਈ।

ਰਸ ਆਪਣਾ ਮੈਨੂੰ ਪਿਲਾਣ ਲੱਗੀ,
ਰਗਾਂ ਰੇਸ਼ਿਆਂ ਰਸਾ ਪੁਚਾਣ ਲੱਗੀ,

ਜੀਉਂਦੀ ਕਣੀ ਜੋ ਅੱਖ ਵਿਚ ਵੜੀ ਸੀਗੀ,
ਜੀਉਂਦੀ ਰੱਖਿਆ ਅੱਖ ਜਿਉਂਬਣੀ ਸੀਗੀ,

ਧਰਤੀ ਮਾਂ ਬਣ ਗਈ ਅੱਖ ਪਾਲਣੇ ਨੂੰ,
ਪ੍ਰੇਮ ਜੋਤ ਬਣਿਆਂ ਜੋਤ ਜਾਲਣੇਂ ਨੂੰ।

ਹੋ ਗਈ ਅਮਰ ਮੈਂ ਪਿਆਰੇ ਦੇ ਰਾਹ ਤੱਕਦੀ,
ਤਕਦੀ ਤਕਦੀ ਮੈਂ ਜੁਗਾਂ ਤੋਂ ਨਹੀਂ ਥੱਕਦੀ,

ਜੁਗਾਂ ਜੀਉਂਦੀ ਤੱਕਦੀ ਨਹੀਂ ਅਕਦੀ,
ਹਰਦਮ ਦੇਖਣੋਂ ਰਾਹ ਮੈਂ ਨਹੀਂ ਝਕਦੀ।



 www.sikhbookclub.com

ਰਾਹ ਪਜਾਰੇ ਦਾ ਦੇਖਦੀ ਨਹੀਂ ਥੱਕਦੀ,
ਜੁਗਾਂ ਜੁਗਾਂ ਤੋਂ ਅੱਖ ਇਹ ਰਹੀ ਤੱਕਦੀ।

ਦੀਨ ਦੁਨੀ ਦੀਦਾਰ ਤੋਂ ਵਾਰ ਦਿੱਤੇ।
ਪਜਾਰੇ ਆਪਣੇ 'ਨਜ਼ਰ-ਦੀਦਾਰ' ਦਿੱਤੇ।

ਆਪਾ ਭੇਟ ਦਿੱਤ ਇਕ ਦੀਦਾਰ ਤਾਂਈਂ,
ਝਾਕੀ ਇਕ ਤੇ ਆਤਮਾ ਵਾਰਿਆਈ!

ਅਲਾ ਸਹੁ! ਮੈਂ ਝਾਤ ਹੈ ਇਕ ਪਾਈ।
ਇਕ ਝਾਤ ਪਜਾਰੀ ਇਕ ਝਾਤ ਪਾਈ।

ਇਸ ਝਾਤ ਨੇ ਅੱਖ ਬਨਾ ਲਿੱਤਾ।
ਆਪੇ ਸਾਰੇ ਤੋਂ ਵੱਖ ਬਿਠਾ ਦਿਤਾ।

ਘੋਲੀ ਗਿਆ ਹੈ ਆਪਣਾ ਆਪ ਸਾਰਾ।
ਬਣ ਗਈ ਅੱਖ ਲੁਟ ਗਿਆ ਸਾਮਾਨ ਸਾਰਾ।

ਜਾਮਾ ਪਲਟਿਆ ਏਸ ਦੀਦਾਰ ਨਜਾਰੇ,
ਕਾਂਯਾਂ ਪਲਟ ਦਿੱਤੀ ਇਸ ਦੀਦਾਰ ਪਜਾਰੇ।

ਕਰਕੇ 'ਅੱਖ' ਇਕ 'ਅੱਖ' ਬਹਾਲਿਆ ਏ,
ਝਾਤੀ ਇਕ ਦੇ ਨਹੀਂ ਸੁਆਲਿਆ ਏ।

ਇਕ ਵੇਰ ਦੀਦਾਰ ਆ ਅੱਖ ਵੜਿਆ,
ਝਮਕਣ ਵਾਲੜਾ ਚੱਕ ਸਾਮਾਨ ਖੜਿਆ।

ਨੀਂਦ ਕੱਢ ਕੇ ਲੈ ਗਿਆ ਨਾਲ ਸਾਂਈਂ,
ਜਾਦੂ-ਝਾਕੀ ਆ ਏਸ ਦੀਦਾਰ ਪਾਈ!

ਓ ਦੀਦਾਰ, ਮੈਂ ਰਹਿ ਗਈ ਅੱਖ, ਭਾਈ,
ਸਦਾ ਤੱਕਦੀ ਜੀਉਂਦੀ ਅੱਖ, ਸਾਂਈਂ!

'ਓ 'ਦੀਦਾਰ' 'ਖ੍ਰੀਦਾਰ' ਦੀਦਾਰ ਦੀ ਮੈਂ,
ਲਾਈ ਹੱਟ ਦੀਦਾਰ-ਵਪਾਰ ਦੀ ਮੈਂ।

ਕਦੋਂ ਮੋੜ ਮੁਹਾੜਾਂ ਦੀਦਾਰ ਆਵੇ,
ਝੋਲੀ ਅੱਖ ਦੀ ਖੈਰ ਦੀਦਾਰ ਪਾਵੇ!

ਸਿਕਦੀ ਅੱਖ ਦੇ ਵਿਚ ਆ ਵਾਸ ਪਾਵੇ,
ਖੁਲ੍ਹੀ ਸਦਾ ਦੀ ਵਿਚ ਨਿਵਾਸ ਪਾਵੇ!

ਝਮਕਣ ਭੁੱਲੀ ਤੇ ਮੀਚਣਾਂ ਵਿਸਰੀਏ,
ਹੋਰਥੇ ਲੱਗਣੋਂ, ਸਉਣ ਤੋਂ ਖਿੱਸਰੀਏ।

ਸਦਾ ਸਦਾ 'ਦੀਦਾਰ' ਚੁਪ ਮੰਗਦੀ ਏ,
ਚੁੱਪ 'ਵਾਜ਼ 'ਦੀਦਾਰ' ਚੁਪ ਮੰਗਦੀ ਏ।

ਕਦੇ ਫੇਰਾ ਓ ਆਣ ਦੀਦਾਰ ਪਾਵੇ,
ਬੱਗੀ ਪੀਲੜੀ ਆਣ ਚਰਨਾਰ ਲਾਵੇ,

ਰਹੇ ਅੱਖ ਦੀਦਾਰ ਤੋਂ ਵੱਖ ਨਾਹੀਂ,
ਚੱਖ ਸ੍ਵਾਦ 'ਦੀਦਾਰ' ਪਰੱਖ ਨਾਹੀਂ।

ਕਦੇ ਸਮਾਂ ਆਵੇ ਆ ਦੀਦਾਰ ਜਾਵੇ,
ਏਸੇ ਸਿੱਕ ਨੂੰ ਖੈਰ ਆ ਪਜਾਰ ਪਾਵੇ।

ਪੀਲੀ ਅੱਖ ਕਟੋਰੀ ਦੇ ਵਾਂਗ ਕੀਤੀ,
'ਦਰਸ਼ਨ-ਪਜਾਸ' ਹੈ ਅੱਜ ਤਕ ਰੱਜਪੀਤੀ।

'ਦਰਸ਼ਨ-ਪਜਾਸ' ਹੈ ਮੈਂਡੜੀ ਵੰਡ ਆਈ,
ਕਾਸਾ ਅੱਖ ਦਾ ਸਦਾ ਤੇ ਅੱਡਿਆਈ।

ਦਿਨੇ ਰਾਤ ਉਡੀਕ ਕਰਾਂਵਦੀ ਮੈਂ,
ਜੁਗਾਂ ਜੁਗਾਂ ਤੋਂ ਰਾਹ ਤਕਾਂਵਦੀ ਮੈਂ।

੦੦

# ਹਿਮਾਲਯ-ਗੰਗਾ-ਸਮੁੰਦਰ।

ਪੌਣ ਪੰਘੂੜੇ ਝੂਟੇ ਲੈਂਦੀ,
ਅਸਮਾਨੀ ਲਟਕੰਦੜੀ,
ਵਿੱਚ ਹਿਮਾਲੇ ਗੰਗਾ ਆਈ,
ਸ਼ਿਖਰਾਂ ਕੁੱਖ ਫਿਰੰਦੜੀ।
ਠੰਢ ਲਗੀ, ਠੰਢ ਪਈ ਕਾਲਜੇ,
ਰੂਪਵਤੀ ਤਦ ਹੋਈ,
ਚਿੱਟੀ ਬਣੀ ਕੁਹੀੜ ਸੁਹਾਵੀ,
ਪਰਬਤ ਆਨ ਖਲੋਈ,
ਹੋਰ ਠਰੀ, ਧੌਲੀ ਵਧ ਹੋਈ,
ਹੇਠਾਂ ਨੂੰ ਲਹਿ ਆਈ,
ਰੂੰ ਦੇ ਧੁਣਖੇ ਗੁਹੜਿਆਂ ਵਾਂਗੂ
ਪੈਂਦੀ ਛਹਿਬਰ ਲਾਈ।
ਬੈਠ ਗਈ ਪਰਬਤ ਦੇ ਉੱਪਰ,
ਗਾਹੜੀ ਕੱਠੀ ਹੋਈ,
ਅਪਣੇ ਆਪ ਵਿਖੇ ਜੁੜ ਪਜਾਰੀ
ਜੋਗ ਸਮਾਧਿ ਸਮੋਈ।
ਚਿੱਟੀ ਸਾਫ, ਦਾਗ ਤੋਂ ਖਾਲੀ;
ਏਕਾਗਰ ਇਕ ਰੰਗੀ।
ਲਗੀ ਸਮਾਧਿ ਅਡੋਲ ਬਿਰਾਜੀ,
ਉਮਰਾ ਇਉਂ ਇਕ ਲੰਘੀ।

ਥਰ ਇਕ ਕਣੀ ਕਲੇਜੇ ਅੰਦਰ,
ਉਹ ਪੰਘਰ ਪਈ ਪਜਾਰੀ।
ਗੋਮੁਖ ਗੰਗੋਤਰਿ* ਕਰ ਰਸਤਾ,
ਨਿਕਲੀ ਬਾਹਰ ਵਾਰੀ।

ਪਤਲੀ ਸਾਫ ਧਾਰ ਇਹ ਨਿੱਕੀ,
ਉੱਜਲ ਠੰਢੀ ਸੁਹਣੀ,
ਟਿਕਦੀ ਨਹੀਂ ਟਿਕਾਈ ਏਥੇ,
ਤਿਲਕ ਪਈ ਮਨ ਮੁਹਣੀ।
ਉਠੀ ਓਸ ਹਿਮਾਲੇ ਗੋਦੀਓਂ,
ਮੱਲਕੜੇ ਖਿਸਕੰਦੜੀ,
ਹੇਠਾਂ ਤੁਰੀ ਹਿਠਾਹਾਂ ਜਾਂਦੀ
ਪਰਬਤ ਕੁੱਖ ਫਿਰੰਦੜੀ,
ਪੱਥਰ ਟੱਕਰ ਖਾ ਨਾ ਰੁਕਦੀ,
ਮੋੜ ਖਾਇ ਫਿਰ ਟੁਰਦੀ,
ਰੋਕ ਅਟਕ ਤੋਂ ਅਟਕੇ ਨਾਹੀਂ
ਮੋੜਿਆ ਫਿਰੇ ਨਾ ਮੁੜਦੀ।
ਸਗੋਂ ਰਲਾਵੇ ਨਾਲ ਆਪਣੇ,
ਧਾਰਾ ਜੋ ਦਿਸਿ ਆਵੇ,
ਹਰ ਪਾਣੀ ਹਰ ਬੂੰਦ ਬੁਲਾਵੇ,
ਅਪਣੇ ਵਿੱਚ ਸਮਾਵੇ।

---

*ਜਿਸ ਥਾਉਂ ਤੋਂ ਗੰਗਾ ਨਿਕਲਦੀ ਹੈ ਉਸ ਦਾ ਨਾਉਂ ਗੰਗੋਤ੍ਰੀ ਹੈ


www.sikhbookclub.com

ਵਧਦੀ ਗਈ ਧਾਰ ਏ ਨਿੱਕੀ,
ਟੁਰਦੀ ਗਈ ਅਗੇਰੇ,
ਪਰਬਤ ਛੱਡ ਪਹਾੜੀਂ ਆਈ,
ਟੁਰਦੀ ਸੰਝ ਸਵੇਰੇ।
ਰਾਹ ਉਖੇਰੇ ਲੰਘਦੀ ਜਾਂਦੀ,
ਟਕਰਾਂਦੀ ਤੇ ਡਿਗਦੀ,
ਸੰਭਲ, ਸਹਿਜ ਟੁਰੇਂਦੀ, ਤਿਲਕੇ
ਕਿਤੇ ਨਾ ਅਟਕੇ, ਟਿਕਦੀ।
ਪੱਧਰ ਕਈ, ਨਿਵਾਣ ਉਚਾਣਾਂ,
ਲੰਘ ਸ਼ਿਵਾਲਕ ਆਈ;
ਇਸਦੀ ਸੰਧੋਂ ਰਸਤਾ ਕੱਟਿਆ,
ਹੁਣ ਮੈਦਾਨੀਂ ਧਾਈ।
ਰੂਪ ਬਿਸਾਲ, ਜਲੋਂ ਅਸਗਾਹੀ,
ਚਲੀ ਪੂਰੇ ਨੂੰ ਪਯਾਰੀ।
ਹਰਿਆ ਭਰਿਆ ਦੇਸ਼ ਕਰਾਂਦੀ,
ਭਰਦੀ ਖੇਤ ਕਿਆਰੀ।
ਤਪਿਆਂ ਨੂੰ ਠੰਢ ਪਾਂਦੀ, ਦੇਂਦੀ
ਤ੍ਰਿਖਾਵੰਤ ਨੂੰ ਪਾਣੀ,
ਉਜੜ-ਥੇਹ ਵਸਾਂਦੀ ਗੰਗਾ,
ਜਾਂਦੀ ਪੂਰਬਵਾਣੀ।
ਕਈ ਇਕ ਘਾਟ ਕਿਨਾਰੇ ਉਪਜੇ
ਤੀਰਥ ਕਈ ਸੁਹਾਏ,

ਕਈ ਇਕ ਨਗਰ ਤਟਾਂ ਤੇ ਉਸਰੇ
ਬਾਂਕੀ ਫਬਨ ਫਬਾਏ ।
ਫਿਰਦੀ ਇਉਂ ਉਪਕਾਰ ਕਰੇਂਦੀ
ਸੁਖ ਦੇਂਦੀ ਦੁਖ ਲੈਂਦੀ,
ਉੱਜਬ ਕਰਦੀ, ਮੈਲੀ ਹੁੰਦੀ,
ਤਪਸ਼ ਲਵੇ ਠਰ ਦੇਂਦੀ;
ਵੱਡੀ ਪਾੜੇ ਦੇ ਵਿਚ ਹੋਈ,
ਘਟੀ ਨ ਦਾਨ ਕਰਾਇਆਂ,
ਜਿਉਂ ਜਿਉਂ ਦੇਂਦੀ ਤਿਉਂ ਤਿਉਂ ਵਧਦੀ,
ਵਧਦੀ ਦੂਣ ਸਵਾਇਆ।
ਹੁਣ ਚੱਲੀ ਸ਼ਹੁ ਸਾਗਰ ਵੰਨੇ,
ਜਾ ਆਰਾਮ ਕਰਾਵੇ,
ਪੱਧਰ ਇਕ ਇਕ-ਸਾਰ ਜਲਾਤਲ,
ਪਹੁੰਚੇ ਤੇ ਟਿਕ ਜਾਵੇ।
ਜਦੋਂ ਸਮੁੰਦਰ ਪਾਸ ਮੁਹਾਣੇ
ਪਹੁੰਚੀ ਗੰਗਾ ਜਾਈ,
ਚਾਉ ਭਰੇ ਉਸ ਇੱਕੋ ਜੇਹੇ,
ਪੁਛਿਆ 'ਕਿੱਥੋਂ ਆਈ ?
'ਤੇਰਾ ਰੂਪ ਵਡੇਰਾ ਸਾਰਾ,
ਵਣ ਵਣ ਬੂਟੀ ਲਜਾਈ,
'ਹਰ ਧਰਤਜੋਂ ਹਰ ਲੂਣ ਦਵਾਈ,
ਧਾਤੂ ਨਾਲ ਰਲਾਈ,

'ਕਰ ਉਪਕਾਰ ਲੁਟਾਂਦੀ ਆਪਾ,
"ਗੁਣ ਵਾਲੀ" ਕਰ ਧਾਈ
'ਕਿਹੜੇ ਦੇਸ਼ੋਂ ਆਈ ਸੁਹਣੀ?
ਦੇਵੀਂ ਕਥਾ ਸੁਣਾਈ!'
ਧਰਕੇ ਮਾਨ ਵਡੇਰਾ ਅੰਦਰ
ਗੰਗਾ ਆਖ ਸੁਣਾਇਆ:
'ਗੋਦ ਹਿਮਾਲਯ ਤੋਂ ਮੈਂ ਆਈ,
ਜੋ ਸਿਰ ਹਿੰਦ ਸੁਹਾਇਆ:
'ਉੱਚਾ ਉਹ ਭਾਰਾ ਤੇ ਵੱਡਾ
ਹੈ ਗੰਭੀਰ ਹਿਮਾਲਾ,
'ਉਸ ਤੋਂ ਗੁਣ ਤੇ ਦਾਤਾਂ ਪਾਈਆਂ,
ਕੀਤਾ ਦੇਸ਼ ਸੁਖਾਲਾ।
'ਉਸਦਾ ਸੀ ਜੋ ਕੁਛ ਸੀ ਮੇਰਾ,
ਜੋ ਵੰਡਦੀ ਹਾਂ ਆਈ
'ਬਾਕੀ ਜੋ ਏਥੇ ਹਾਂ ਲਯਾਈ,
ਇਹ ਬੀ ਉਸ ਵਡਿਆਈ।
'ਪਾਣੀ, ਖਾਣੀ: ਬੂਟੇ ਬੂਟੀ,
ਦਰਸ਼ਨ ਬੜੇ ਸੁਹਾਵੇ:
'ਮੌਸਮ ਰੰਗ ਰੰਗੀਲੇ ਉਸ ਦੇ
ਅੰਤ ਨ ਕੋਈ ਪਾਵੇ।
ਸੁਣ ਕੇ ਜਸ ਵੱਡੇ ਦਾ ਵੱਡਾ
ਉੱਚੇ ਦੀ ਉਚਿਆਈ,

ਦਿਲ ਤਰੰਗ ਸਾਗਰ ਨੇ ਖਾਧਾ
ਬੋਲਯਾ ਨੱਕ ਚੜ੍ਹਾਈ :-
'ਉੱਚੇ ਪਰਬਤ ਉਚਤਾ ਵਾਲੇ
ਕੀ ਉੱਚੀ ਵਡਿਆਈ ?
'ਕੋਹਾਂ ਡੂੰਘੀਆਂ ਖੱਡਾਂ ਨਾਲੇ
ਘਾਟੀਆਂ ਦੂਣ ਸਵਾਈ ।
'ਨਾਲ ਉਚਾਣ ਨਿਵਾਣੀ ਰਖਦੇ
ਕੀ ਉਚਿਆਣ ਬਣਾਵੇ,
'ਜਦ ਕਿ ਨਾਲ ਨਿਵਾਣ ਉਹਨਾਂ ਨੂੰ
ਕੋਝਿਆਂ ਪਈ ਬਣਾਵੇ ?
'ਵਡਿਆਂ ਦੀ ਵਡਿਆਈ ਕਾਹਦੀ ?
ਨਾਲ ਛੁਟਾਈ ਰਹਿੰਦੀ,
'ਉਚਿਆਂ ਵਿੱਚ ਨਿਵਾਣ ਵਸੇਂਦੀ
ਉਚਤਾ ਭਲੀ ਨ ਬਹਿੰਦੀ ।
'ਦੇਖ ਅਸਾਂ ਵਲ ਦੂਰੋਂ ਆਈਏ !
ਪੱਧਰ ਸਦਾ ਰਹਾਈਏ ।
'ਤੇਰੇ ਵਰਗੇ ਲੱਖਾਂ ਆਵਣ
ਆਏ ਵਿੱਚ ਸਮਾਈਏ ।
'ਨਾ ਚੋਟੀ, ਨਾ ਸ਼ਿਖਰ ਦਿਖਾਈਏ;
ਨਾ ਕੋਈ ਖੱਡ, ਨਾ ਘਾਟੀ,
'ਦੂਣ ਨ ਕੋਈ ਸਾਡੇ ਅੰਦਰ,
ਕੰਦ੍ਰਾ ਕਿਤੇ ਨ ਪਾਟੀ ।'

ਸੁਣ ਇਹ ਮਿਹਣਾ ਗੰਗਾ ਸੂਚਕੀ
ਕਦਮ ਪਿਛੇਰੇ ਕਰਦੀ ।
ਲਹਿਰ ਲਹਿਰਵਿਚ ਕਹਿਰ ਫੁਰੇਤੇ
ਇੱਕ ਕਚੀਚੀ ਚੜ੍ਹਦੀ ।
ਗੱਜ ਕਹੇ : 'ਮੈਂ ਸੁਣਿਆ ਸਾਗਰ
ਹੁੰਦਾ ਗਹਿਰ ਗੰਭੀਰਾ,
'ਇਕ ਤੁਲ ਰਹੇ ਅਵਸਥਾ ਉਸਦੀ
ਅੰਦਰੋਂ ਬਾਹਰੋਂ ਹੀਰਾ ।
'ਹੋਛਿਆਂ ਵਾਲੀ ਗੱਲ ਸੁਣਾਈ,
ਡੂੰਘੀ ਨਜ਼ਰ ਨ ਪਾਈ,
'ਸੋਚੀ ਨਹੀਂ ਸੱਚ ਦੀ, ਐਵੇਂ
ਕੀਤੀ ਨਿਜ ਵਡਿਆਈ ।
'ਇਹ ਹੈ ਸੱਚ, ਹਿਮਾਲੇ ਖੱਡਾਂ,
ਨਾਲੇ ਹੈਨ ਨਿਵਾਣਾਂ
'ਪਰ ਤੇਥੋਂ ਉਹ ਹੈਨ ਉੱਚੀਆਂ
ਜੋ ਤੂੰ ਕਹੇ ਨਿਵਾਣਾਂ।
'ਉੱਚਿਆਂ ਦੀ ਉਚਿਆਈ ਉੱਚੀ,
ਉੱਚਿਆਂ ਦੀ ਨੀਵਾਈ
'ਨੀਵਿਆਂ ਕੋਲੋਂ ਉਹ ਭੀ ਉੱਚੀ
ਹੁੰਦੀ ਦੂਣ ਸਵਾਈ ।
'ਜਿਸ ਪੱਧਰ ਤੇ ਨੀਵੇਂ ਖੜਕੇ,
ਕਰਦੇ ਨਿਜ ਵਡਿਆਈ।

'ਉਚਿਆਂ ਦੀ ਨੀਵਾਈ ਕੋਲੋਂ,
ਉਹ ਪੱਧਰ ਨੀਵਾਈ ।

'ਉਚਿਆਂ ਦੀ ਨੀਵਾਈ ਉੱਚੀ
ਨੀਵਾਂ ਉਸ ਤੋਂ ਨੀਵਾਂ।

'ਇਤਨਾਂ ਨੀਵਾਂ ਹੋ ਕੇ ਨੀਵਾਂ।
ਕਿਉਂ ਆਖੇ: ਉਹ ਨੀਵਾਂ।

'ਛੁੱਦ੍ਰਾਂ ਵਿਚ ਛੁਟਿਆਈ ਵੱਸੇ,
ਵਡਿਆਂ ਨੂੰ ਪੜਚੋਲਣ।

'ਅਪਣੇ ਛਿੱਦਰ ਕਜਣੇ ਤਾਂਈਂ,
ਛਿੱਦ੍ਰ ਉਨ੍ਹਾਂ ਦੇ ਫੋਲਣ।

'ਖੱਡਾਂ ਸੱਚ ਨੀਵੀਆਂ, ਸਾਗਰ!
ਪਰ ਤੈਥੋਂ ਹਨ ਉਚੀਆਂ।

'ਤੂੰ ਉਹਨਾਂ ਨੂੰ ਨੀਵਾਂ ਕੀਕੁਰ
ਆਖ ਸਕੇਂ ? ਹੇ ਨਿਚੀਆ !

'ਪਾਣੀ ਤੈਨੂੰ ਜੋ ਪਰਬਤ ਤੋਂ
ਦਾਨ ਹੋਇਕੇ ਆਇਆ।

'ਉਸਦੇ ਉਹਲੇ ਦੱਸ ਸਾਗਰ!
ਕਿਤਨਾਂ ਡੂੰਘ ਲੁਕਾਇਆ ?

'ਤੇਰੇ ਵਿੱਚ ਘਾਟੀਆਂ ਦੂਣਾਂ,
ਡੂੰਘਾਂ ਅਤਿ ਡੂੰਘਾਈਆਂ,

'ਲੈ ਕੱਜਣ ਉਹ ਪਰਬਤ ਕੋਲੋਂ
ਤੂੰ ਉਸ ਹੇਠ ਲੁਕਾਈਆਂ।

'ਤੇਰੇ ਡੂੰਘ ਨਿਵਾਈਆਂ ਨੀਵੇਂ
ਲੁਕੀਆਂ ਪਾਣੀ ਉਹਲੇ,
'ਇਸ ਕਾਰਨ ਤੂੰ ਮਾਨ ਕਰੇਂ
ਤੇ ਵਾਕ ਕੁਵੱਲੇ ਬੋਲੇਂ ?
'ਪਰਬਤ ਨੂੰ ਲੁਕ ਹੈ ਨਹੀਂ ਕੋਈ
ਚੋਟੀ ਸਾਫ ਦਿਖਾਵੇ,
'ਢੂਣ, ਵਾਦੀਆਂ, ਘਾਟੀ, ਕੰਦ੍ਰਾਂ,
ਖੱਡਾਂ ਨਹੀਂ ਲੁਕਾਵੇ !
'ਲੁਕੇ ਨਿਵਾਣਾਂ ਵਾਲੇ ਨੀਵੇਂ !
ਹੋ ਨਿਰਐਬ ਦਿਖਾਵੇਂ !
'ਗੁਣਵਾਨਾਂ ਨੂੰ ਦੂਸ਼ਨ ਲਾਵੇਂ,
ਨੀਵਾਂ ਸਦਾ ਰਹਾਵੇਂ !'
ਇਹ ਕਹਿ ਗੰਗਾ ਮੁੜੀ ਪਿਛੇਰੇ,
ਸਾਗਰ ਮਗਰੇ ਧਾਇਆ,
ਪੱਲੂ ਫੜ ਖਿੱਚੇ ਵਲ ਅਪਣੀ,
ਗੰਗਾ ਚਹੇ ਨ ਜਾਇਆ ।
ਦਿਨੇ ਰਾਤ ਇਹ ਝਗੜਾ ਲੱਗਾ
ਗੰਗਾ ਧਾ ਕੇ ਜਾਵੇ,
ਜਦ ਸਾਗਰ ਤੋਂ ਨਿੰਦਿਆ ਸੁਣਦੀ
ਪਿੱਛੇ ਪੈਰ ਹਟਾਵੇ ।
ਹੋ ਸ਼ਰਮਿੰਦਾ ਸਾਗਰ ਆਵੇ
ਆਪਣੀ ਵੱਲ ਖਿਚੇਂਦਾ,

ਗੰਗਾ ਵਧੇ, ਮੁੜੇ, ਵਧ ਮੁੜਦੀ
ਰਗੜਾ ਇਹੋ ਰਹੇਂਦਾ।

ਜਦ ਤੋਂ ਟੁਰਿਆ ਝਗੜਾ ਇਹ ਹੈ
ਖ਼ਿੱਚਾ-ਖਿੱਚ ਹੈ ਜਾਰੀ।

ਸਾਗਰ ਕੰਢੇ "ਗੰਗ ਸਾਗਰ" ਦੀ
ਦੇਖੋ ਦਸ਼ਾ ਨਿਆਰੀ।

ਸਾਗਰ ਸਬਲ, ਗੰਗ ਹੈ ਅਬਲਾ,
ਬਦੋ ਬਦੀ ਲੈ ਜਾਵੇ,

ਗੰਗਾ ਜਾ ਨਿੰਦਕ ਦੇ ਦ੍ਵਾਰੇ
ਟਿਕੇ ਨ, ਚੈਨ ਨ ਪਾਵੇ।

ਕਰ ਅਰਜੋਈ ਸੂਰਜ ਮੂਹਰੇ
ਸਦਾ ਦੁਹਾਈ ਦੇਂਦੀ:

'ਲੈ ਚਲ ਨੂਰ ! ਹਨੇਰਿਓਂ ਮੈਨੂੰ
ਏਥੋਂ ਨਹੀਂ ਵਸੇਂਦੀ।

ਖਾ ਗੁੱਸਾ ਸੂਰਜ ਤਪ ਉੱਠਦਾ
ਸਾਗਰ ਖੂਬ ਤਪਾਵੇ,

ਕਿਰਨਾਂ ਨਾਲ ਗੰਗ ਨੂੰ ਖਿੱਚੇ
ਮੋਢੇ ਪੌਣ ਚੜ੍ਹਾਵੇ।

ਅਰਸ਼ਾਂ ਵਿਚ ਸੁਤੰਤਰ ਕਰਕੇ,
ਕਰ ਉਚਾ, ਲੈ ਫਿਰਦਾ

ਵੇਗ ਵਾਉ ਦੇ ਸੈ ਅਸਮਾਨੀਂ,
ਰਖਦਾ ਫਿਰਦਾ ਤੁਰਦਾ।

ਜਦੋਂ ਸੰਜੋਗੀ ਹੋਣ ਮੇਲ ਆ,
ਪਵਣ ਰੂਪ ਓ ਗੰਗਾ,
ਫੇਰ ਹਿਮਾਲਾ ਖੇਡੇ ਆਕੇ
ਰੂਪ ਅਰੂਪੀ ਰੰਗਾ ।
ਚੋਟੀ ਟਿਕੇ ਬਰਫ ਬਨ ਚਿੱਟੀ,
ਫੇਰ ਸਮਾਧਿ ਲਗਾਵੇ
ਪਰ ਉਹ ਕਣੀ ਵਸੇ ਜੋ ਅੰਦਰ,
ਅੰਦੂੰ ਉੱਠ ਜਗਾਵੇ ।
ਕੋਈ ਚਿਣੰਗ ਅਗੰਮੀ ਉਸ ਨੂੰ
ਪੰਘਰ ਵਿੱਚ ਲਿਆਵੇ ।
ਤਰਸ ਭਰੀ ਉਠ ਟੁਰੇ ਫੇਰ ਉਹ
ਮਿਹਰ-ਛਹਿਬਰਾਂ ਲਾਵੇ ।
ਸੁਖ ਦੇਂਦੀ, ਸੁਖ ਲੈਂਦੀ ਨਾਹੀਂ.
ਦੁਖੀਆਂ ਦੁੱਖ ਮਿਟਾਂਦੀ ।
ਢੇਂਦੀ, ਵਧਦੀ, ਵੱਡੀ ਹੁੰਦੀ,
ਵਗਦੀ ਟੁਰਦੀ ਜਾਂਦੀ ।
ਏਹੋ ਕਾਰ ਅਨੂਠੀ ਹੋਈ
ਅਕਰਖ ਉਦਕਰਖੋਂ ਭਾਈ ।
ਮਿਲ ਵਿਛੁੜਣ,ਸੰਜੋਗ ਵਿਜੋਗੀ
ਚਲੀ ਧੁਰਾਂ ਤੋਂ ਆਈ ।



 www.sikhbookclub.com

# ਅਰਸ਼ੀ ਯਾਰਾਂ ਦੇ ਵਿਛੋੜੇ

ਪੰਜਾਬ ਵਿਚ ਹੁਨਾਲੇ ਦੀ ਡਾਢੀ ਗਰਮੀ ਦੀ ਪੀੜਾ ਦੇ ਨਾਲ ਰਾਤਾਂ ਨੂੰ ਧੁਰ ਛੱਤ ਤੇ ਸੌਣ ਤੇ ਨੀਲੇ ਨੀਲੇ ਅਕਾਸ਼ਾਂ ਵਿਚ ਖਿੜੇ ਤਾਰਿਆਂ ਦੀ ਬਹਾਰ ਲੁੱਟਣ ਦੀ ਬਰਕਤ ਇਕ ਵਟਾਂਦਰਾ ਹੈ ਜੋ ਰਸੀਆਂ ਨੂੰ ਮਹਿੰਗਾ ਨਹੀਂ ਜੱਚਦਾ। ਜਦੋਂ ਸਿਆਲ ਆਉਂਦਾ ਹੈ ਤੇ ਇਕ ਦਮ ਇਹ ਅਰਸ਼ੀ ਸੁੰਦਰਤਾ ਤੇ ਕੁਦਰਤੀ ਖੇੜੇ ਤੇ ਨੂਰ ਦੇ ਵੱਸ ਰਹੇ ਫੁਹਾਰੇ ਅੱਖੋਂ ਉਹਲੇ ਹੁੰਦੇ ਹਨ,ਤਦ ਇਕ ਉਦਾਸੀ ਦੇ ਰੰਗ ਛਾਉਂਦੇ ਹਨ, ਦੋਹਾਂ ਵੇਲਿਆਂ ਦੇ ਦਿਲ-ਤਰੰਗ ਇਸ ਕਵਿਤਾ ਵਿਚ ਅੰਕਿਤ ਹਨ :-

ਹੈ ਚੁੱਪ ਹੋਈ ਚੁੱਪ ਹੈ,
ਵਾਹ ਚੁੱਪ ਹੈ ਇਕ ਚੁੱਪ ਹੈ,

ਰੌਲਾ ਕਿਤੇ ਹੈ ਸੌਂ ਗਿਆ
ਨਾ ਚਾਨਣਾ ਨਾ ਧੁੱਪ ਹੈ।

ਖੜਕਾ ਕਰੋ ਨਾ ਰਤਾ ਬੀ,
ਬਿੜਕਾ ਜ਼ਰਾ ਨਾ ਪਾਵਣਾ

ਸਉਂ ਗਏ ਸ਼ੋਰ ਸ਼ਰਾਰਵੇਂ ਨੂੰ,
ਰਤਾ ਨਹੀਂ ਜਗਾਵਣਾਂ।

ਉਹ ਬੁੱਲ੍ਹ ਹਨ ਹੁਣ ਮਿਟ ਰਹੇ
ਜੋ ਵਿੱਸ ਸਨ ਗੇ ਕੱਢਦੇ,

ਓਹ ਦੰਦ ਹਨ ਹੁਣ ਬੰਦ ਹੋਏ
ਚੱਕ ਜੋ ਸਨ ਵੱਢਦੇ।


www.sikhbookclub.com

ਉਹ ਜੀਭ ਮਿਆਨੇਂ ਪਈ ਹੈ
ਤਲਵਾਰ ਘਾਉ ਜੁ ਲਾਂਵਦੀ,
ਸੀ ਲਤਰ ਲੁਤਰੀ ਕਤਰਦੀ,
ਅਣਮੇਲਵੇਂ ਫਟ ਪਾਂਵਦੀ ।
ਉਹ ਅੱਖ ਈਰਖ ਭਰੀ ਜੋ,
ਇਕ ਰੀਸ ਕਰ ਬੇਚੈਨ ਸੀ,
ਜੋ ਵਿੱਚ ਤ੍ਰਿਸ਼ਨਾਂ ਗਰਮ ਸੀ,
ਹੋ ਨੈਨ ਜੋ ਬੇਨੈਨ ਸੀ ।
ਬਿਨ ਬੋਲਣੇਂ ਜੋ ਬੋਲਦੀ
ਬਿਨ ਜੀਭ ਫੱਟ ਲਗਾਂਵਦੀ,
ਬਿਨ ਅੱਗ ਅੱਗ ਲਗਾਂਵਦੀ,
ਬਿਨ ਮੇਘ ਮੀਂਹ ਬਰਸਾਂਵਦੀ ।
ਹਸ ਦੇਂਵਦੀ, ਹਸਿਆਂਵਦੀ,
ਰੋਂਦੀ ਤੇ ਜੱਗ ਰੁਆਂਵਦੀ,
ਪਾ ਕੁੰਡੀਆਂ ਦਿਲ ਵਿੰਨ੍ਹਦੀ,
ਕਰ ਕੈਦ ਬੰਨ੍ਹ ਬਿਠਾਂਵਦੀ ।
ਹਾਂ, ਤੀਰ ਅਣੀਆ ਵਾਲੜੇ,
ਬਿਨ ਧਨੁਖ ਬਾਣੋਂ ਮਾਰਦੀ,
ਤੇ ਜੀਂਵਦੇ ਨੂੰ ਕਰੇ ਬਿਸਮਿਲ,
ਬਿਸਮਿਲਾਂ ਜੀਵਾਲਦੀ ।
ਉਹ ਅੱਖ ਚੈਂਚਲ-ਹਾਰ ਤਰਲੋ
ਸੌਂ ਰਹੀ ਦੋ-ਰੰਗਣੀਂ ।

ਪਾ ਜ਼ਹਿਰ ਅੰਮ੍ਰਿਤ ਇੱਕ ਖ਼ੀਸੇ
'ਮੌਤ, ਜ਼ਿੰਦ' ਜਿਨ, ਵੰਡਣੀ ।
ਜਿਸ ਪਾਸ ਇੱਕ ਮਟੱਕੜਾ
ਪਲਕਾਰੜਾ ਤੇ ਝਮਕਣਾਂ,
ਇਸ ਝਮਕਣੇਂ ਦੇ ਹੇਠ ਜਿਸਦੇ
ਜਗਤ ਸਾਰਾ ਦਮਕਣਾਂ
ਉਹ ਅੱਖ ਡੱਬੀ ਬੰਦ ਹੈ
ਵਿਚ ਛੱਪਰਾਂ ਦੇ ਸੈਂ ਰਹੀ,
ਹੈ ਸ਼ੁਕਰ, ਸਾਂਈਆਂ ! ਠੰਢ ਵਰਤੀ
ਸ਼ਾਂਤਿ ਸਾਰੇ ਪੈ ਰਹੀ ।
ਆਹਾ ! ਅਸੀਂ ਧੁਰ ਛੱਤ ਤੇ
ਛਤ ਕੈਦ ਕੋਲੋਂ ਛੁਟ ਰਹੇ,
ਘਰ ਵਿੱਚ ਘਰ ਦੀ ਕੰਧ ਤੋਂ
ਹਾਂ ਅਸੀਂ ਉਚੇ ਉਠ ਰਹੇ ।
ਘਰ-ਕੰਧੀਆਂ ਨੇ ਚਾਰ ਲਾਂਭੋਂ
ਕੈਦ ਸੀਗਾ ਪਾਇਆ,
ਇਸ ਛੱਤ ਨੇ ਸੀ ਅਰਸ਼ ਕੋਲੋਂ,
ਅਸਾਂ ਬੰਦ ਰਹਾਇਆ ।
ਘਰ-ਛੱਤ ਨੂੰ ਹੈ ਜਿੱਤਿਆ
ਘਰ-ਛੱਤ ਉੱਤੇ ਆ ਗਏ,
ਹੈ ਅਰਸ਼ ਨੇੜੇ ਹੋ ਗਿਆ-
ਬੈਕੁੰਠ ਦਰਸ਼ਨ ਪਾ ਗਏ ।

ਅਹੁ ਵੇਖ ਉੱਪਰ ਪਜਾਰੀਆਂ
ਅੰਮ੍ਰਿਤ ਬ੍ਰਸਾਵਨ ਹਾਰੀਆਂ,
ਕੂੜਾਂ ਹਿ ਅੱਖਾਂ ਮਾਰਿ ਡਲ੍ਹਕਾਂ
ਡਲ੍ਹਕ ਰਹੀਆਂ ਨਜ਼ਾਰੀਆਂ ।
ਨਾ ਵੈਰ ਏਹਨੀਂ ਅੱਖੀਆਂ,
ਨਾ ਕਸਤ, ਕੀਨਾਂ, ਡਾਹ ਹੈ,
ਨਾ ਈਰਖਾ, ਨਾ ਦ੍ਵੇਖ ਹੈ,
ਨਾ ਮੋਹ ਹੈ, ਨਾ ਤ੍ਰਾਹ ਹੈ ।
ਨਾ ਵਿੰਨ੍ਹਦੀਆਂ ਨਾ ਬੰਨ੍ਹਦੀਆਂ
ਨਾ ਮਾਰ ਮਾਰਨ ਪਜਾਰੀਆਂ,
ਇਹ ਨਹੀਂ ਚੈਂਚਲ-ਹਾਰੀਆਂ,
ਨਹਿੰ ਖੇਦ ਦੇਵਨ ਹਾਰੀਆਂ ।
ਇਕ ਸ਼ਾਂਤਿ ਇਕ ਅਡੋਲਤਾ,
ਇਕ ਚਾਨਣਾਂ ਇਕ ਡਲ੍ਹਕ ਹੈ,
ਇਕ ਤ੍ਰਲ ਭਿੰਨੀ ਮਿਹਰ, ਮਾਨੋਂ,
ਝਰ ਰਹੀ ਦੀ ਝਲਕ ਹੈ ।
ਸਾਰੇ ਉਦਾਲੇ ਨੀਲ ਹੈ,
ਉਸ ਨੀਲ ਵਿਚ ਪਰਭਾਉ ਹੈ,
ਇਸ ਤਾਰਿਆਂ ਦੀ ਜੋਤਿ ਤੇ
ਆਨੰਦ ਦਾ ਲਹਿਰਾਉ ਹੈ ।
ਹੈ ਸ਼ਾਂਤਿ ਤੇ ਆਨੰਦ ਨੀਲੋਂ
ਚਿੱਟਿਆਂ ਤੋਂ ਝਰ ਰਿਹਾ'

ਹੈ ਅਸਾਂ ਨੂੰ ਓ ਸ਼ਾਂਤ ਤੇ
ਆਨੰਦ ਸਾਰਾ ਕਰ ਰਿਹਾ।
ਹਾਂ, ਦੇਖਣਾ ਇਕ ਹੋਰ ਅਚਰਜ
ਖੜੇ ਸਾਂਗੇ ਜਾਂ ਅਸੀਂ,
ਤਾਂ ਦੇਖਦੇ ਬਾਜ਼ਾਰ, ਮੋਰੀਂ,
ਧਰਤਿ ਨੀਵੀਂ ਸਾਂ ਅਸੀਂ,
ਜਾਂ ਆਣ ਏਥੇ ਪਏ ਲੰਮੇ
ਅਰਸ਼ ਨਜ਼ਰੀਂ ਆਇਆ,
ਹਾਂ ਪਿਆਂ ਨੂੰ, ਜੀ ਲੰਮਿਆਂ
ਬ੍ਰਹਮੰਡ ਸਭ ਦਿਸਿ ਆਇਆ।
ਹੈ ਮੌਜ ਅਪਰ ਅਪਾਰ ਕੇਹੀ
ਚੁੱਪ ਸ਼ਾਂਤਿ ਏਕਾਂਤ ਦੀ,
ਜੋ ਖ਼ਾਕੀਆਂ ਦੀ ਨਜ਼ਰ ਅਰਸ਼ਾਂ
ਨਾਲ ਜਾਕੇ ਟਾਂਕਦੀ।
ਸੁਖ-ਡੂਲ ਅਰਸ਼ੋਂ ਪੈ ਰਹੀ
ਰਸ-ਟਪਕ ਉਤੋਂ ਆ ਰਹੀ।
ਕਰ ਲੀਨ ਅਪਣੇ ਵਿਚ ਸਾਨੂੰ
ਗੋਦ ਅਪਣੀ ਪਾ ਰਹੀ।
ਇਹ ਤਾਰੜੇ, ਕੀ ਅੱਖੀਆਂ
ਉਸ ਰੱਬ ਦੀਆਂ ਸੁਹਣੀਆਂ,
ਜੋ 'ਸਹਸ' ਹੀ 'ਤਵ ਨੈਣ' ਕਰਕੇ
ਆਖੀਆਂ, ਜਗ ਮੁਹਣੀਆਂ?

ਨਾ 'ਨੈਣ' ਜਿਸਦਾ ਅੰਗ ਕੋਈ
ਉਸ ਦੀਆਂ ਏ ਅੱਖੀਆਂ ?
ਸੁਖ ਦੇਣ ਨੈਣਾਂ ਵਾਲਿਆਂ ਏ
ਖੁਹਲਕੇ ਹਨ ਰੱਖੀਆਂ ?
ਸੁਖ ਦੇਂਦੀਆਂ, ਠੰਢ ਪਾਂਦੀਆਂ,
ਰਸ ਰੰਗ ਦੇਵਣਹਾਰੀਆਂ,
ਜਗ-ਅੱਖੀਆਂ ਨੂੰ ਪਾਇ ਜੱਫੀ
ਅਰਸ਼ ਲਜਾਵਣ ਪਜਾਰੀਆਂ।
ਯਾ ਭਲੇ ਭਲੇ ਜੁ ਹੋਇ ਦੁਨੀਆਂ
ਬਨ ਗਏ ਮਰਿ ਤਾਰੜੇ,
ਵਿਚ ਅਰਸ਼ ਦੇ ਲਟਕੰਦੜੇ
ਸੁਖ ਸ਼ਾਂਤਿ ਤ੍ਰੌਂਕਣ ਪਜਾਰੜੇ।
ਜਾਂ ਨੀਲ ਪਰਦੇ ਵਿੱਚ ਸਾਰੇ
ਮੋਰੀਆਂ ਹਨ ਹੋਈਆਂ,
ਹੈ ਤੱਕਦਾ ਓ ਆਤਮਾ
ਦੇ ਝਲਕ ਡਲ੍ਹਕਾਂ ਗੋਰੀਆਂ।
ਜਾਂ ਲੋਕ ਹਨ ਬ੍ਰਹਮੰਡ ਦੇ
ਜੋ ਲੁਕੇ ਚਾਨਣ ਵਿੱਚ ਹੈਂ,
ਇਕ ਸਾਂਝ ਚਾਨਣ ਕਰ ਰਹੇ,
ਸੰਗ ਅਸਾਂ ਪਾਕੇ ਖਿੱਚ ਹੈਂ।
ਹਨ ਆਪਣੇ ਓ ਹਾਲ ਰਖਦੇ
ਚਾਨਣੇ ਦੇ ਉਹਲੜੇ,

ਇਕ ਚਾਨਣੇ ਦਾ ਨਾਲ ਸਾਡੇ
ਨੇਹੁੰ ਕਰਦੇ ਚੁਹਲੜੇ ।
ਜਾਂ ਤਣੀ ਚੁੰਨੀ ਰੇਸ਼ਮੀ
ਨੀਲੀ ਜੜੀ ਸੰ-ਤਾਰਿਆਂ,
ਕਾਦਰ ਜਿਨੂੰ ਹੈ ਸੀਸ ਕੁਦਰਤ
ਆਪ ਹੱਥੀਂ ਤਾਣਿਆਂ ।
ਹੈ ਨੀਲ ਮਾਇਆ ਦੱਸਦਾ,
ਤਾਰੇ ਦਿਸੇਂਦੇ ਜਿੰਦੀਆਂ:
ਜੋ ਜਿੰਦ ਪਾਵਣ ਹਾਰੀਆਂ
ਕਿਰਨਾਂ ਸਦਾ ਹਨ ਦਿੰਦੀਆਂ ।
ਚਹਿ ਕੁੱਛ ਹੋਵੇ ਅਸਾਂ ਨੂੰ
ਨਾ ਅੰਬ ਗਿਣਨੇ ਲੋੜ ਹੈ,
ਹੈ ਲੋੜ ਸੂਾਦ ਚਖਣ ਦੀ
ਰਸ ਮਾਣਨੇ ਦੀ ਲੋੜ ਹੈ ।
ਬਨ ਗਏ ਸਾਡੇ ਯਾਰ ਤਾਰੇ
ਪਜਾਰ ਅਸਾਂ ਕਰਾਂਵਦੇ,
ਓ ਰਿਸ਼ਮ ਤਾਰੀਂ* ਪਲਮਦੇ,
ਇਉਂ ਅਰਸ਼ ਤੋਂ ਉਤਰ ਆਂਵਦੇ,
ਆ, ਵੜਨ ਸਾਡੀ ਅੱਖੀਆਂ
ਵਿਚ ਪੁਤਲੀਆਂ ਦੇ ਮਾਂਵਦੇ,

*ਕਿਰਨਾਂ ਦੀਆਂ ਤਾਰਾਂ ਉਤੇ ।

 www.sikhbookclub.com

ਆ ਲਹਿਣ ਸਾਡੇ ਕਾਲੰਜੇ
ਸੁਖ ਸ਼ਾਂਤਿ ਮਿੱਠ ਪੁਚਾਂਵਦੇ,
ਤੇ ਤਪਤ ਸਾਰੀ ਮੇਟਦੇ
ਇਕ ਠੰਢ ਅਰਸ਼ੀ ਪਾਂਵਦੇ ।
ਆ ਚੰਦ ਰਾਤੀਂ ਕਦੇ ਪਜਾਰਾ
ਰੰਗ ਹੋਰ ਲਗਾਂਵਦਾ,
ਦੁਧ ਰੰਗ ਵਾਲੀ ਚਾਨਣੀ ਦੀ
ਛਹਿਬਰਾਂ ਆ ਲਾਂਵਦਾ ।
ਤਦ ਛਤ ਸਾਡੀ ਬਣੇ ਜੀਕਰ
ਛੰਭ-ਪਾਰਾ ਹੋਂਵਦਾ,
ਵਿਚ ਪਲੰਘ ਸਾਡਾ ਦਿੱਸਦਾ,
ਬਜਰਾ ਜਿਵੇਂ ਜਲ ਸੋਂਹਦਾ ।
ਉਸ ਉੱਪਰੇ ਹਾਂ ਅਸੀ ਲੇਟੇ
ਚਾਂਦਨੀ ਵਿਚ ਲੈ ਰਹੇ,
ਜੀ, ਤਾਰੀਆਂ ਮਨ ਪਜਾਰੀਆਂ,
ਵਿਚ ਛਹਿਬਰਾਂ ਦੇ ਪੈ ਰਹੇ,
ਏ ਚੰਦ ਤਾਰੇ ਯਾਰ ਪਜਾਰੇ
ਨੀਲ ਪਜਾਰਾ ਮੀਤ ਹੈ,
ਏ ਰਾਤ ਪਜਾਰੀ ਸਖੀ ਮਿੱਠੀ
ਸ਼ਾਂਤਿ ਜਿਸ ਦੀ ਰੀਤਿ ਹੈ ।
ਹਨ ਚੁੱਪ ਤੇ ਏਕਾਂਤ, ਘਰ ਵਿਚ
ਬਨ ਗਿਆ ਬਨ-ਸਾਜ ਹੈ,

ਇਸ ਮਾਤ-ਲੋਕੇ ਬੈਠਿਆਂ
ਬੈਕੁੰਠ ਵਾਲਾ ਰਾਜ ਹੈ ।
ਇਹ ਮੌਜ ਮਾਣੀਂ, ਮੌਜ ਮਾਣੀਂ
ਸੱਤ ਮਹੀਨੇ ਪਜਾਰਿਆ,
ਏ ਸੰਗ ਬਣਿਆਂ ਰੰਗ ਬਣਿਆਂ
ਰੰਗ ਰੱਬ ਖਿਲਾਰਿਆ,
ਪਰ ਹਾਇ ! ਕਾਲ ਬਿਕ੍ਰਾਲ ਕੋਝੇ
ਭਾਂਵਦਾ ਨਹੀਂ ਮੇਲ ਹੈ,
ਰਸ ਰੰਗ ਵਾਲੇ ਚਮਨ ਵਿਚ
ਜਾ ਦੇਂਵਦਾ ਜੜ੍ਹ ਤੇਲ ਹੈ ।
ਇਸ ਪਾਪੀਏ ਇਕ ਦੂਤ ਮਾੜਾ
'ਸਿਆਲ' ਨਾਮੇ ਘੱਲਿਆ,
ਜਿਨ੍ਹ ਸੁਖ ਅਸਾਡਾ ਮੇਲ ਸਾਡਾ
ਹਾਇ ! ਆਕੇ ਸੱਲਿਆ ।
ਇਕ ਠੰਢ ਦੀ ਏ ਫ਼ੌਜ ਕਿਧਰੋਂ
ਕਟਕ ਬੰਨ੍ਹ ਲਿਆਇਆ,
ਧੁਰ ਛੱਤ ਸਾਡਾ ਸਉਣ ਇਸ
ਬੇ ਦਰਦ ਨੇ ਆ ਗੁਆਇਆ ।
ਹਾਂ, ਅੱਜ ਹਾਏ ! ਅੱਜ ਸਹੀਓ !
ਹੇਠ ਸਉਣਾ ਪੈ ਗਿਆ,
ਉਹ ਰੰਗ ਅਰਸ਼ੀ ਗਿਆ ਸਾਥੋਂ
ਸਿਆਲ ਪਾਪੀ ਲੈ ਗਿਆ ।



 www.sikhbookclub.com

ਛੁਪ ਹੋ ਗਏ, ਹੇ ਤਾਰਿਓ !
ਓ ਨੀਲ ਪਜਾਰੇ ਲੁਕ ਗਿਓਂ !
ਓ ਗਿਓਂ ਕਿੱਥੇ ਚੰਦ ਵੀਰਾ !
ਦਰਸ ਦੇਣੋਂ ਉਕ ਗਿਓ ?
ਹਾਂ, ਤੁਸਾਂ ਅਸਾਂ ਵਿਚਾਲ ਸਜਨੋਂ !
ਛੱਤ :ਪਾਪਣ ਛਾ ਗਈ,
ਪਾ ਵਿੱਥ ਮਿਲੇ ਵਿਛੁੰਨਿਆਂ ਵਿਚ,
ਹੋਇ ਪਰਦਾ ਛਾ ਗਈ ।
ਹੁਣ ਚਾਰ ਹਨ ਜੋ ਕੰਧੀਆਂ
ਇਕ ਛੱਤ ਉੱਪਰ ਘੋਪ ਹੈ,
ਹਾਂ, ਪਏ ਵਾਂਗੂ ਤਿੱਤਲੀ, ਜਿਸ
ਪਿਆ ਸਿਰ ਤੇ ਟੋਪ ਹੈ ।
ਹੁਣ ਕੌਣ ਠੰਢੀ ਆਵਸੀ
ਆ ਅੱਖ ਮੇਰੀ ਠਾਰਸੀ ?
ਇਹ ਤਪੀ ਦਿਨ ਦੀ ਥੱਕ ਟੁੱਟੀ
ਕੌਣ ਹਾਏ ! ਪਜਾਰਸੀ ?
ਉਹ ਸੂਰ ਤੁਹਾਡੇ ਦਰਸ਼ਨੋਂ
ਜੋ ਸਿਰ ਅਸਾਡੇ ਆਂਵਦਾ,
ਹੁਣ ਕੌਣ ਹਾਏ ! ਦੇਵਸੀ
ਓ ਕੌਣ ਪੀਂਘ ਝੁਟਾਂਵਦਾ ?
ਉਹ ਚਾਂਦਨੀ ਦੁਧ ਵਾਂਗ ਚਿੱਟੀ
ਲਹਿਰਦੀ ਜੋ ਆਂਵਦੀ

ਆ ਪਾ ਗਲੱਕੜੀ ਪਜਾਰ ਦੀ
ਸਭ ਤਪਤ ਦਿਲ ਲਹਿ ਜਾਂਵਦੀ,

ੳ ਗਈ ਕਿੱਥੇ, ਗਈ ਕਿੱਥੇ
ਗਈ ਕਿੱਥੇ ਸੋਹਿਣੀ ?

ੳ ਨਾਚ ਨਚਦੀ ਮਲਕੜੇ
ਪੀ ਸੋਮਰਸ* ਨੂੰ ਰੋਹਿਣੀ† ।

ਹਾਂ ! ਗਈ ਸਾਥੋਂ ਖੁਸ ਪਜਾਰੀ
ਅਸੀਂ ਅੰਦਰ ਵੜ ਗਏ,

ਜਉਂ ਕੁੱਪ ਅੰਦਰ ਪੈਣ ਚੂਜ਼ੇ
ਛੱਤ ਅੰਦਰ ਤੜ ਗਏ ।

ਮਿਟ ਜਾਓ ਪਜਾਰੀ ਅੱਖੀਓ
ਹੁਣ ਨੇਹੁੰ ਨੀਂਦਰ ਲਾਵਣਾ
ਕੀ ਖੁੱਲ੍ਹਣਾਂ ਬਿਨ ਸੱਜਣਾਂ !
ਕੀ ਪਜਾਰ ਬਿਨ ਝਮਕਾਵਣਾ !

---

* ਸੋਮਾਂ ਨਾਮੇ ਬੂਟੀ ਦਾ ਰਸ ਪੁਸ਼ਟੀ ਕਾਰਕ ਤੇ ਸਰੂਰ ਵਾਲਾ ਮੰਨਿਆ ਹੈ ।

† ਚੰਦਰਮਾਂ ਦੀ ਇਸਤ੍ਰੀ ।


www.sikhbookclub.com

# ਬਨਫਸ਼ਾਂ ਦਾ ਫੁੱਲ*

ਬਨਫ਼ਸ਼ਾਂ ਦੇ ਡਾਢੇ ਖੁਸ਼ਬੂਦਾਰ ਫੁੱਲ ਪਹਾੜਾਂ ਵਿਚ ਐਸੇ (ਖੁਦਰੌ) ਤੇ ਮੈਦਾਨੀ ਪੰਜਾਬ ਵਿਖੇ ਬਾਗ਼ਾਂ ਵਿਚ ਲਗ ਏ ਹੋਏ ਸਿਆਲੇ ਵਿਚ ਖਿਲਦੇ ਹਨ, ਪਹਾੜਾਂ ਵਿਚ ਏਹ ਨਜ਼ਰ ਨਾ ਖਿੱਚਣ ਵਾਲੇ ਢੰਗ ਉੱਗਦੇ ਵਧਦੇ ਹਨ, ਫਿਰ ਬੀ ਲੋਕੀ ਜਾ ਤੋੜਦੇ ਹਨ,ਇਸਦੇ ਟੁੱਟਣ ਸਮੇਂ ਦੇ ਦਿਲ-ਤਰੰਗ ਇਨ੍ਹਾਂ ਸਤਰਾਂ ਵਿਚ ਅੰਕਤ ਹਨ :–

ਮਿਰੀ ਛਿਪੀ ਰਹੇ ਗੁਲਜ਼ਾਰ,  
ਮੈਂ ਨੀਵਾਂ ਉੱਗਿਆ,  
ਕੁਈ ਲਗੇ ਨ ਨਜ਼ਰ ਟਪਾਰ,  
ਮੈਂ ਪਰਬਤ ਲੁੱਕਿਆ ।  
ਮੈਂ ਲਿਆ ਅਕਾਸ਼ੋਂ ਰੰਗ  
ਜੁ ਸ਼ੋਖ਼ ਨ ਵੰਨ ਦਾ,  
ਹਾਂ, ਧੁਰੋਂ ਗਰੀਬੀ ਮੰਗ,  
ਮੈਂ ਆਯਾ ਜਗਤ ਤੇ ।  
ਮੈਂ ਪੀਆਂ ਅਰਸ਼ ਦੀ ਤ੍ਰੇਲ,  
ਪਲਾਂ ਮੈਂ ਕਿਰਨ ਖਾ,  
ਮੇਰੀ ਨਾਲ ਚਾਂਦਨੀ ਖੇਲ,  
ਰਾਤਿ ਰਲ ਖੇਲੀਏ

---

*Voilets.

ਮੈਂ ਮਸਤ ਆਪਣੇ ਹਾਲ,
ਮਗਨ ਗੰਧਿ ਆਪਣੀ;
ਹਾਂ, ਦਿਨ ਨੂੰ ਭੌਰੇ ਨਾਲ
ਭਿ ਮਿਲਨੋਂ ਸੰਗਦਾ ।
ਆ ਸ਼ੋਖੀ ਕਰਕੇ ਪਉਣ
ਜਦੋਂ ਗਲ ਲੱਗਦੀ
ਮੈਂ ਨਾਂਹਿ ਹਿਲਾਵਾਂ ਧਉਣ
ਵਾਜ ਨਾ ਕੱਢਦਾ ।
ਹੋ, ਫਿਰ ਭੀ ਟੁੱਟਾਂ, ਹਾਇ!
ਵਿਛੋੜਨ ਵਾਲਿਓ
ਮਿਰੀ ਭਿੰਨੀ ਇਹ ਖ਼ੁਸ਼ਬੋਇ
ਕਿਵੇਂ ਨ ਛਿੱਪਦੀ ।

ਮਿਰੀ ਛਿਪੇ ਰਹਿਣ ਦੀ ਚਾਹ
ਤੇ ਛਿਪ ਟੁਰ ਜਾਣ ਦੀ,
ਹਾਂ, ਪੂਰੀ ਹੁੰਦੀ ਨਾਂਹ,
ਮੈਂ ਤਰਲੇ ਲੈ ਰਿਹਾ ।



 www.sikhbookclub.com

# ੪. ਬੂਲ ਬੂਲ ਤੇ ਰਾਹੀ


www.sikhbookclub.com

ਇਹ ਕਵਿਤਾ ਸਤੰਬਰ
੧੯੦੭ ਵਿਚ ਨੈਨੀਤਾਲ
ਦੇ ਪ੍ਰਹਾੜ ਪਰ ਲਿਖੀ
ਗਈ ਸੀ, ਤਦ ਤੋਂ ਮਗਰੋਂ
ਕਈ ਵਾਰ ਛਪ ਚੁਕੀ
ਹੈ। ਹੁਣ ਇਸ ਨੂੰ ਇਸ
ਸੰਚੇ "ਲਹਿਰਾਂ ਦੇ ਹਾਰ"
ਵਿਚ ਸ਼ਾਮਲ ਕੀਤਾ ਗਿਆ
ਹੈ।

ਮਾਰਚ ੧੯੨੮


www.sikhbookclub.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਬੁਲਬੁਲ ਤੇ ਰਾਹੀ

ਖਿੜੀ ਬਹਾਰ ਵਿਚ ਇਕ ਬੁਗਬੁਲ ਕੈਦ ਪੈ ਗਈ। ਪਤਝੜ ਰੁੱਤ ਵਿਚ ਕਿਵੇਂ ਖਲਾਸੀ ਪਾ ਕੇ ਫਿਰ ਗੁਲਜ਼ਾਰ ਵਿਚ ਆਉਂਦੀ ਹੈ। ਉਜਾੜਾ ਦੇਖ ਵਿਲਪਦੀ ਹੈ। ਇਕਰਾਹੀ ਨਾਲ ਉਸ ਦੀ 'ਪ੍ਰੇਮ' ਤੇ ਆਤਮਕ ਗੱਲ ਬਾਤ ਹੁੰਦੀ ਹੈ। ਓਹ ਦਿਲ ਤਰੰਗ ਤੇ ਵਿਚਾਰਾਂ ਹੇਠਲੀਆਂ ਸਤਰਾਂ ਵਿਚ ਅੰਕਤ ਹਨ :-

ਬੁਲਬੁਲ :-

ਹੈ ਹਾਇ ! ਬਾਗ਼ ਖਾਲੀ,
ਫਲ ਫੂਲ ਫਲੀ ਨਹੀਂ ਹੈ,
ਹਾਹਾ ! ਗੁਲਾਬ ਡਾਲੀ
ਰੋਲੀ, ਕਿਵੇਂ ਗਈ ਹੈ ?

ਸਾਵੀ ਕਰੂੰਬਲੀ ਹਾ !
ਕਿੱਧਰ ਉਡੰਤ ਹੋਈ ?
ਹਰਿਆਵਲੀ ਉਹ ਸਾਰੀ
ਮੂਲੋਂ ਨਹੀਂ ਰਹੀ ਹੈ।

ਕਲੀਆਂ ਨ ਫੁੱਲ ਖਿੜਵੇਂ
ਡੋਡੀ ਨ ਹੈ ਸੁਗੰਧੀ,
ਡੋਡਰ ਕਟੀਲ ਡਾਲੀ

ਸੁੰਞੀ ਹੋਣੀ ਪਈ ਹੈ।
ਅੱਖਾਂ ਬੀ ਬੰਦ ਹੋਈਆਂ
ਮਾਨੋਂ ਕਦੀ ਨਹੀਂ ਸਨ,
ਖਿੜਨੇ ਦੀ ਡੌਲ ਕੋਈ
ਹੁੰਦੀ ਨਹੀਂ ਸਹੀ ਹੈ।

ਸੁਹਣਾ ਸੁਹਾਉ ਸਾਰਾ,
ਸੁੰਦਰ ਫਬਨ ਓ ਬਾਂਕੀ,
ਝਾਤੀ ਤਰੌਤ ਵਾਲੀ
ਕਿਸ ਨੇ ਉਡਾ ਲਈ ਹੈ?

ਰਾਹ ਓ ਜਾਣ ਵਾਲੇ!
ਸ਼ਾਲ੍ਹਾ! ਰਤਾ ਕੁ ਠਹਿਰੀਂ
ਦੱਸੀਂ ਉਜਾੜ ਏਥੇ
ਕਿੱਕੂੰ ਕਿਤੋਂ ਛਈ ਹੈ?

ਉਹ ਜੋਬਨਾਂ ਦਾ ਸਾਂਈਂ
ਉਹ ਰੂਪ ਗੰਧਿ ਵਾਲਾ,
ਕਿਸ ਦੇਸ਼ ਹੈ ਸਿਧਾਯਾ?
ਭਾਵੀ ਕਿਹੀ ਭਈ ਹੈ?

ਰੋ ਰੋ ਕੇ ਹਾਏ ਹਾਏ!
ਹੈ ਹਾਲ ਮੈਂ ਵੰਞਾਯਾ!
ਤਾਹੀਓਂ ਵੇ ਵੀਰ ਰਾਹੀ!
ਤੈਨੂੰ ਸਵਾਲ ਪਾਯਾ!

ਰਾਹੀ—

ਮਾਲੀ ਨੇ ਫੁੱਲ ਤੋੜੇ
ਢੇਰਾਂ ਦੇ ਢੇਰ ਲਾਏ,
ਅੱਤਾਰ ਤੇ ਫੁਲੇਰੇ
ਉਮਲ ਚੁਤਰਫੋਂ ਆਏ।
ਮੁਲ ਪੈ ਕੇ ਵਿਕ ਗਿਆ ਓ
ਤੇਰਾ ਸੀ ਜੋ ਪਿਆਰਾ,
ਸ਼ੋਭਾ ਜੋ ਬਾਗ ਦੀ ਸੀ
ਉਸਨੂੰ ਨੱਗਰ ਲਿਆਏ ।। ੧੦ ।।

ਸਿਹਰੇ ਤੇ ਸਰੀਆਂ ਮਾਲਾਂ,
ਲੜੀਆਂ ਤੇ ਹਾਰ ਗੁੰਦੇ,
ਕੋਮਲ ਸਰੀਰ ਸੁਹਣੇ,
ਓਨ੍ਹਾਂ ਨੇ ਅੰਗ ਲਾਏ।

ਗੁਲਦਸਤਿਆਂ ਦੇ ਅੰਦਰ
ਬਝੇ ਗਏ ਪਿਆਰੇ,
ਡਾਲਾਂ ਤੋਂ ਅੱਡ ਹੋਏ,
ਸਿਹਜਾ ਤੇ ਗਏ ਵਿਛਾਏ।

ਮਿਸਰੀ ਦੇ ਨਾਲ ਮਲਕੇ
ਗੁਲਕੰਦ ਚਾ ਬਨਾਈ
ਸ਼ਰਬਤ ਕਿਸੇ ਬਨਾਯਾ,
ਦੇਗੇ ਕਿਸੇ ਚੜ੍ਹਾਏ
ਦੇ ਦੇ ਉਬਾਲੇ ਪਾਣੀ

ਨਿਰਮਲ ਅਰਕ ਖਿਚਾਯਾ,
ਅਰਕਾਂ ਨੂੰ ਪੁੱਠ ਦੇ ਕੇ,
ਅਤਰਾਂ ਤੇ ਰੂਹ ਬਨਾਏ,
ਹੁਣ ਸ਼ੀਸ਼ੀਆਂ ਦੇ ਅੰਦਰ
ਹੈ ਕੈਦ ਭੋਗਦਾ ਓ
ਜਿੱਥੇ ਨ ਜਾਣ ਤੇਰਾ,
ਜਾਵੇਂ ਨਾ ਫੇਰ ਆਏਂ।
ਮਰਕੇ ਬੀ ਪਹੁੰਚ ਓਥੇ
ਸਕਦੀ ਨਹੀਂ ਕਦੀ ਤੂੰ
ਬੁਲਬੁਲ ! ਵੈਰਾਗ ਤੇਰਾ
ਤੈਨੂੰ ਨ ਓ ਮਿਲਾਏ।
ਦੁਖੜਾ ਸਜਨ ਦਾ ਤੇਰਾ
ਤੇਰੇ ਕਹੇ ਸੁਨਾਯਾ
ਕੀ ਹਾਲ ਏ ਜੁ ਬੁਲਬੁਲ
ਤੈਨੂੰ ਨਜ਼ਰ ਨ ਆਯਾ ?

---

ਬੁਲਬੁਲ :–
ਮੌਸਮ ਬਸੰਤ ਆਈ
ਇਸ ਬਾਗ ਤੇ ਸੁਹਾਈ,
ਮਾਲੀ ਨੇ ਫੜ ਕੇ ਓਦੋਂ
ਮੈਨੂੰ ਸੀ ਕੈਦ ਪਾਈ।
ਪਿੰਜਰਾਂ ਕਠੋਰ ਸੀਖਾਂ

ਬੈਂਦੀ ਪਈ ਨਿਮਾਣੀ,
ਹਿਰਦੇ ਵਿਜੋਗ ਵੜਿਆ,
ਸਿਰ ਤੇ ਪਈ ਜੁਦਾਈ।
ਪਜਾਰੀ ਸੁਤੰਤ੍ਰਤਾ ਓ
ਪਜਾਰੀ ਉਹ ਖੁੱਲ੍ਹ ਸਾਰੀ
ਵਾਰੀ ਗਈ ਸਜਨ ਤੋਂ
ਜਿੰਦੋ ਜੋ ਸੀ ਸ਼ਵਾਈ ॥੨੦॥

ਗੁਾਚੀ ਓ ਮੌਜ ਮਨ ਦੀ
ਉਡਣਾਂ ਜੁ ਨਾਲ ਮਰਜ਼ੀ,
ਨਦੀਆਂ ਬਨਾਂ ਪਹਾੜਾਂ
ਦੀ ਸੈਰ ਬੀ ਗੁਵਾਈ।

ਸਿਰ ਸੀਖ ਨਾਲ ਮਾਰਾਂ
ਵਿੱਥਾਂ ਵਿਖੇ ਅੜਾਵਾਂ
ਲਾਵਾਂ ਜਤਨ ਹਜ਼ਾਰਾਂ
ਹੋਵਾਂ ਕਿਵੇਂ ਹਵਾਈ।

ਖਹਿ ਖਹਿ ਕੇ ਖੰਭ ਮਾਰਾਂ
ਖਿੜਕੀ ਕਿਵੇਂ ਖੁੱਲ੍ਹੇ ਏ
ਓ ਕੈਦ ਕਰਨ ਵਾਲਾ
ਕਦੀਓ ਨ ਕਾਂਪ ਖਾਈ।

ਮੈਂ ਹਾਰ ਹਾਏ ਰੋਂਦੀ,
ਰੋਵਣ ਨੂੰ ਰਾਗ ਜਾਣਨ
ਵੈਣਾਂ ਤੇ ਪਾਣ ਖਿੱਲੀ



 www.sikhbookclub.com

ਹੱਸਣ ਕਿ 'ਵਾਹ ਗਵਾਈ।'

ਜੋ ਆਪ ਹੈ ਸੁਤੰਤਰ
ਕੀ ਜਾਣਦਾ ਕੀ ਬੀਤੇ
ਜਿਸ ਦੀ ਹੈ ਖੁੱਲ੍ਹ ਸਾਰੀ
ਦੂਜੇ ਦੇ ਹੱਥ ਆਈ।

ਆਵੇ ਜਿ ਮੌਤ ਆਵੇ
ਭਾਗੋ ਭਰੀ ਪਿਆਰੀ;
ਜਾਵੇ ਨ ਖੁੱਲ੍ਹ ਹੱਥੋਂ
ਜਾਵੇ ਤੇ ਜਿੰਦ ਜਾਈ!

ਖੁੱਲ ਜਾਣ ਵੇਲੇ ਲੜਨਾ
ਮਰਨਾ ਯਾ ਮਾਰ ਦੇਣਾ
ਬੀਰਾਂ ਦੀ ਬਾਣ ਧੁਰ ਤੋਂ
ਐਸੀ ਤੁਰੀ ਹੈ ਆਈ!

ਐਪਰ,
ਭੌਰੇ ਫਕੀਰ ਪੰਛੀ
ਹੁੰਦੇ ਸਦਾ ਨਿਮਾਣੇ,
ਮਾਰੇ ਜਿ ਆਣ ਕੋਈ,
ਕੋਈ ਨ ਪੇਸ਼ ਜਾਈ।

ਹੋਈ ਮੈਂ ਕੈਦ ਬੰਦੀ
ਇਸ ਆਸਰੇ ਨਿਭਾਈ,
'ਦਾਓ ਫਬੇ ਉਡਾਰੀ
ਮਾਰੂ ਕਰਾਂਗੀ ਧਾਈ।'

ਨਾ ਜਾਣਦੀ ਸਾਂ ਮਾਲੀ
ਮੇਰਾ ਚਮਨ ਉਡਾਊ;
ਮੇਰੀ ਪਹੁੰਚ ਤੋਂ ਪਹਿਲੋਂ
ਕਰ ਦੇਗੁ ਖ਼ਾਕ ਸ਼ਾਹੀ ॥ ੩੦ ॥

ਖਿੜਕੀ ਜਿ ਅੱਜ ਖੁਲ੍ਹੀ
ਬੱਚੇ ਕਿਸੇ ਧਰੀ ਸੀ,
ਖਿਸਕੀ ਮੈਂ ਚੁਪ ਚੁਪਾਤੀ
ਉੱਡੀ ਚਲੀ ਸੁ ਆਈ।

ਆ ਕੇ ਚਮਨ ਏ ਆਪਣਾ
ਸਾਰਾ ਉਜਾੜ ਪਾਯਾ,
ਪਜਾਰੇ ਦੇ ਖੇਦ ਸੁਣਕੇ
ਜੀ ਚੀਰ ਬਾਰੁ ਆਯਾ।

❁❁

ਰਾਹੀ :-
ਤੇਰਾ ਹਵਾਲ ਸੁਣ ਕੇ
ਡਾਢਾ ਵਿਰਾਗ ਆਵੇ
ਜਾਂਦੀ ਨ ਪੇਸ਼ ਕੋਈ
ਤੇਰਾ ਜੁ ਗ਼ਮ ਘਟਾਵੇ।

ਗੁੱਸਾ ਕਰੀਂ ਨ ਬੁਲਬੁਲ,
ਪੁੱਛਾਂ ਜਿ ਬਾਤ ਤੈਥੋਂ
ਕੀਕੁਰ ਤੂੰ ਬਾਗ਼ ਤਾਈਂ
ਹੈਂ ਆਪਣਾ ਬਨਾਵੇਂ ?

ਮਾਲੀ ਲਗਾਣ ਵਾਲਾ
ਬੂਟੇ ਤੇ ਬ੍ਰਿੱਛ ਸਾਰੇ,
ਵਾਹੇ ਜ਼ਮੀਨ ਬੀਜੇ
ਸਿੰਜੇ ਬਨਾ ਗੁੜਾਵੇ,
ਰਾਖੀ ਕਰੇ ਚੰਗੇਰੀ
ਮਰਕੇ ਮੁਰਾਦ ਵੇਖੇ,
ਮਾਲਕ ਓ ਹੱਕ ਦਾ ਹੈ
ਚਾਹੇ ਸੁਈ ਕਰਾਵੇ।
ਨਿੰਦੇਂ ਨ ਨਿੰਦ ਜੋਗਾ,
ਦੋਸ਼ੀ ਨ ਆਖ ਮਾਲੀ,
ਮਾਲਕ ਨ ਬਾਗ਼ ਦੀ ਤੂੰ
ਕੂੜੇ ਨ ਬੰਨ੍ਹ ਦਾਵੇ।
ਦਾਵੇ ਜੁ ਕੂੜ ਬੰਨ੍ਹੇ
ਸੜਦਾ ਰਹੇ ਸਦਾ ਹੀ
ਪਾਵੇ ਮੁਰਾਦ ਨਾਹੀਂ,
ਐਵੇਂ ਜਤਨ ਗੁਆਵੇ।
ਕਰਕੇ ਵਿਚਾਰ ਸਾਰੀ,
ਹਾਵੇ ਵਿਸਾਰ ਗਾਵੀਂ
ਦੁਖੜੇ ਹਟਾਣ ਵਾਲਾ
ਤੈਨੂੰ ਜੁ ਰਾਗ ਆਵੇ।
ਮਲਹਮ ਤਰੌਤ ਵਾਲੀ
ਇਸ ਰਾਗ ਨੂੰ ਬਨਾਯਾ,

ਘਾਉ ਗ਼ਮਾਂ ਦੇ ਉੱਪਰ
ਚਹੀਏ ਇਨੂੰ ਲਗਾਯਾ ।।੯੦।।

---

ਬੁਲਬੁਲ:-

ਦਰਦੋਂ ਨਿਰੋਲ ਖਾਲੀ
ਰਾਹੀ ਵਿਚਾਰ ਵਾਲੇ !
ਹਿਰਦੇ ਸਬੂਤ ਵਾਲੇ !
ਸ਼ਾਲਾ ਨ ਘਾਉ ਖਾਈ !

ਲੱਗੀ ਬੁਰੀ, ਮੁਸਾਫਰ !
ਲੱਗੇ ਜਿਨੂੰ ਸੁ ਜਾਣੇ,
ਬਿਰਹੋਂ ਨ ਸਾਰ ਜਾਣੇ
ਦੇਖੀ ਨ ਜਿਨ੍ਹ ਜੁਦਾਈ !

ਘਾਉ ਜਿ ਪ੍ਰੇਮ ਮਾਰੇ
ਮਲਹਮ ਨ ਫੇਰ ਕੋਈ,
ਠੰਢਕ ਨ ਰਾਗ ਪਾਵੇ,
ਦੇਂਦਾ ਸਗੋਂ ਵਧਾਈ ।

ਆਖੀਂ ਵਿਚਾਰ, ਪਰ ਤੂੰ
ਪਰਤੀਂ ਜ਼ਰਾ ਪਿਛੇਰੇ,
ਦੱਸਾਂ ਦਸ਼ਾਂ ਪਿਛੇਰੀ,
ਸੁਣਨੀ ਤੁਰੀ ਜੁ ਆਈ:-

ਬੁਲਬੁਲ ਗੁਲਾਬ ਦੋਵੇਂ
ਰਹਿੰਦੇ ਬਨਾਂ ਵਿਚਾਲੇ

ਧੁਰ ਤੋਂ ਸਦਾ ਸੁਤੰਤਰ
ਰਖਦੇ ਨੇ ਕਾਣ ਕਾਈ।
ਮਾਲੀ ਚੁਰਾਏ ਬੂਟੇ
ਬਨ ਤੋਂ ਸ੍ਵੈਬਾਗ ਆਂਦੇ
ਬਨ ਨੂੰ ਉਜਾੜ ਉਪਬਨ*
ਆਪਣਾ ਲਿਆ ਸਜਾਈ।
'ਜ਼ੋਰਾਵਰੀ' ਯਾ 'ਚੋਰੀ'
ਜੇ ਹੱਕ ਦੀ ਨਿਸ਼ਾਨੀ,
ਮਾਲੀ ਚੁਰਾਣ ਵਾਲਾ,
ਮਾਲਕ ਖਰਾ ਤਦਾਈ।
ਤਦ ਲੋੜ ਫੇਰ ਕੀ ਹੈ
ਹੱਕੋ ਨਹੱਕ ਛਾਣੋ ?
ਇਨਸਾਫ਼ ਫੇਰ ਕੀ ਹੈ
ਊਧਮ ਜਿਦ੍ਹੀ ਮਚਾਈ ?
ਫਿਰ ਸੋਚ ਹੇ ਮੁਸਾਫਰ !
ਨੀਅਤ ਪਿਆਰ ਵਾਲੀ
ਮਾਲੀ ਦੀ ਠੀਕ ਹੈ ਕੇ
ਗ਼ਰਜ਼ਾਂ ਨੂੰ ਲੋ ਲਗਾਈ ?
ਘਾਲਾਂ ਅਨੇਕ ਘਾਲੇ
ਝੂਠੀ ਨ ਬਾਤ ਕੋਈ,
ਪਾਲੇ ਤੇ ਪਾਲ ਵੇਚੇ,

---

*ਬਾਗ਼।



 www.sikhbookclub.com

ਪੈਸੇ ਕਰੇ ਕਮਾਈ ॥੫੦॥

ਪਜਾਰਾ ਤਪੂ ਕਿ ਰੁਲਸੀ
ਮਾਲੀ ਨ ਪੀੜ ਕੋਈ,
ਖੱਟੀ ਦੀ ਚੋਭ ਜਾਣੇਂ,
ਹਿਤ ਦੀ ਨ ਚੋਭ ਰਾਈ।

ਬੁਲਬੁਲ ਨ ਗ਼ਰਜ਼ ਜਾਣੇਂ,
ਸੁਾਰਥ ਰਿਦੇ ਨ ਕੋਈ,
ਬੱਧੀ ਪਰੇਮ-ਡੋਰੀ,
ਖਿੱਚੀ ਬਿਦੇਸ਼ ਆਈ।

ਵਤਨੀ ਓ ਹੁੱਬ ਪਜਾਰੀ
ਵਾਰੀ ਸਲਾਮਤੀ ਹੈ
ਜੋਖੋਂ ਏ ਜਿੰਦ ਨਿੱਕੀ
ਬੱਧੀ-ਪਰੇਮ ਪਾਈ।

ਸੁਹਣੇ ਓ ਬਨ ਸੁਹਾਵੇ
ਕੁਦਰਤ ਨੇ ਆਪ ਲਾਏ
ਪਜਾਰੇ ਲਈ ਉ ਛੱਡੇ,
ਬਾਗਾਂ 'ਚ ਆ ਰਹਾਈ।

ਜੀ ਲੋਚਦਾ ਹੈ ਏਹੋ:
ਪਜਾਰਾ ਨ ਹੋਇ ਓਲ੍ਹੇ,
ਦੇਖਾਂ ਨਿਹਾਲ ਹੋਵਾਂ,
ਨੈਣੀਂ ਦਰਸ ਸਮਾਈ।

ਲੈਕੇ ਅਨੰਦ ਲਹਿਰੇ,

ਕੀਰਤ ਗੁਲਾਬ ਦੀ ਮੈਂ
ਨਿਤ ਨਿਤ ਨਵੀਂ ਬਣਾਵਾਂ,
ਗਾਵਾਂ ਸੁ ਤਾਰ ਲਾਈ ।
ਹੈ ਨੇਮ ਸੁੰਦਰਤਾ ਦਾ :-
ਇਸਦੀ ਕਦਰ ਕਰੋ ਜੇ
ਵਧਦੀ ਪਛਾਣ ਇਸਦੀ
ਵਧਦਾ ਸੁਆਦ ਜਾਈ,
ਤੋੜੋ ਜਿ ਸੁੰਦਰਤਾ ਨੂੰ
ਟੁੱਟੇ ਸੁਆਦ ਅਪਣਾ
ਜਾਣਨ ਸੁਆਦ ਵਾਲੀ
ਘਟਦੀ ਸਮਝ ਹੈ ਜਾਈ ।
ਹੈ ਗਯਾਨ ਸੁੰਦਰਤਾ ਦਾ
ਵਧਦਾ ਜਿ ਸਾਫ਼ ਰਹੀਏ,
ਦ੍ਰਿਸ਼ਟੀ ਵਿਕਾਰ ਵਾਲੀ
ਲਾਲਚ ਭਰੀ ਨ ਪਾਈ ।
'ਕਦਰਾਂ' ਤੇ 'ਸਮਝ ਵਾਲੀ'
ਜਿਸਨੇ ਨਜ਼ਰ ਪਕਾਈ,
ਦੇਖੇ ਚੁਫੇਰ ਬੈਠਾ,
ਸੁਹਣਪ ਬਜ਼ਾਰ ਲਾਈ ॥੬੦॥

ਸੂਖਮ ਅਨੰਦ-ਮਸਤੀ
ਸ਼ਾਂਤੀ ਪਿਆਰ ਵਾਲੀ
ਲਹਿਰਾਂ ਭਰੀ ਸਦਾ ਹੀ

ਰਹਿੰਦੀ ਰਿਦੇ ਸਮਾਈ ।
ਜਿਸਦੀ ਖੁਲ੍ਹੀ ਨ ਅੱਖੀ,
ਦੇਖੇ ਨ ਓ ਏ ਦਰਸ਼ਨ
ਗੁਣ ਦੇਖਣੇ ਦਾ ਉਸਨੇ
ਐਵੇਂ ਲਿਆ ਵਵਾਈ ।

ਸੁਣ ਵੀਰ ਹੇ ਮੁਸਾਫਰ !
ਵੀਚਾਰ ਮੈਂ ਜੁ ਗਾਯਾ,
ਆਪੇ ਕਹੀਂ ਕਿ ਕੀ ਹੈ,
ਹੱਕੋ ਨਹੱਕ ਆਯਾ ?

——

ਰਾਹੀ :-

ਆਖੇਂ ਜੁ ਠੀਕ ਬੁਲਬੁਲ !
ਕਿਸਨੂੰ ਹੈ ਹੱਕ ਪਜਾਰਾ ?
ਜਿਸਨੇ ਹੈ ਸਚ ਪਛਾਤਾ,
ਸਚ ਵਰਤਿਆ ਹੈ ਸਾਰਾ ।

ਬਾਕੀ ਜੁ ਲੋਕ ਦੇਖੋਂ,
'ਲਾਠੀ' ਨੂੰ ਹੱਕ ਜਾਣਨ,
ਡੌਲੇ ਦੇ ਜ਼ੋਰ ਖੁਹਕੇ,
ਫਿਰ ਮਾਰਦੇ ਟਪਾਰਾਂ ।

ਕੋਈ ਨ ਹੱਕ ਜਾਣੇ,
ਜਾਣੇ ਤਾਂ ਅੱਖ ਮੀਟੇ,
ਸ੍ਵਾਰਥ ਸਭਸ ਨੂੰ ਮੁਹਰੇ,

ਆਪਾ ਸਦਾ ਪਿਆਰਾ ।
ਡੋਲੇ ਜਿ ਜ਼ੋਰ ਤੇਰੇ
ਬੁਲਬੁਲ ! ਰਤਾ ਨਹੀਂ ਹੈ,
ਹੱਕ ਕੂਕਣਾ ਹੈ ਐਵੇਂ
ਕੂੜਾ ਹੈ ਇਹ ਸਹਾਰਾ ।

ਸੁਣਦਾ ਹੈ ਕੌਣ ਤੇਰੀ
ਮਿੱਠੀ ਮਹੀਨ ਬਾਣੀ,
ਵਜਦਾ ਹੈ ਏਸ ਥਾਂ ਤੇ
ਕੜਕੁੱਟਵਾਂ ਨਗਾਰਾ ।

ਹੱਕ ਦੀ ਪਛਾਣ ਸਾਰੇ
ਲੋਕਾਂ ਜਿ ਵਿੱਚ ਆਵੇ,
ਦੁਨੀਆਂ ਸੁਰਗ ਹੋ ਜਾਵੇ,
ਟਹਿਕੇ ਏ ਬਾਗ਼ ਸਾਰਾ ।

ਧੱਕਾਂ ਨ ਜ਼ੁਲਮ ਹੋਵੇ
ਬੰਦੀ ਨ ਹੋ ਸਿਪਾਹੀ
ਕੋਈ ਕਿਸੇ ਦੇ ਹੱਥੋਂ
ਹੋਵੇ ਨਹੀਂ ਦੁਖਾਰਾ ॥੭੦॥

ਸਿੱਖਜਾ ਜਿ ਇਕ ਏਹੋ
ਸੰਸਾਰ ਸਿੱਖ ਜਾਵੇ
"ਹਾਹਾ" ਮਿਟੇ ਜਗਤ ਤੋਂ
ਘਰ ਘਰ ਗਜੇ ਜਕਾਰਾ ॥

ਐਪਰ ਨਹੀਂ ਏ ਵਰਤਣ

ਦਿਸਦੀ ਹੈ ਅਜ ਸਾਨੂੰ
ਕਰੀਏ ਆ ਹੋਰ ਕੋਈ
ਸੁਖਦਾਇਨੀ ਵਿਚਾਰਾ ।

ਸੱਚੀ ਵਿਚਾਰ ਦੱਸਾਂ,
ਕੌੜੀ ਨ ਮੰਨ ਲੈਣੀ,
ਉਸ ਦੇ ਹੈ ਵਿਚ ਦਾਰੂ;
ਸੱਚਾ ਉਹੀ ਹੈ ਚਾਰਾ ।

ਸਚ ਬੋਲਣਾ ਹੈ ਸੌਖਾ,
ਸੁਣਨਾ ਕਠਨ ਹੈ ਭਾਰਾ
ਸੁਣਕੇ ਸਹਾਰ ਲੈਣਾ
ਉਸ ਤੋਂ ਬੀ ਵੱਧ ਖਾਰਾ ।

ਸੱਚਾ ਨਹੀਂ ਓ ਜਿਸਨੂੰ
ਲੱਗਾ ਨਹੀਂ ਸੁਹਾਵਾ
ਸੱਚ; ਬੋਲ ਹੀ ਹੈ ਜਾਣੇ,
ਸੁਣਕੇ ਹੋ ਬੇ-ਸਹਾਰਾ ।

ਸੱਚੀ ਸੁਣੀ ਸਹਾਰੀਂ,
ਮੰਨੀ ਰਿਦੇ ਸੁਖਾਵੀਂ,
ਮਿਟ ਜਾਏ ਰੋਗ ਸਾਰਾ
ਚਿੰਤਾ ਰਹੇ ਨ ਕਾਰੂ:-

ਖਿੜਿਆ ਚਮਨ ਤੂੰ ਡਿੱਠਾ,
ਮੋਹੀ ਨੇ ਨੇਹੁੰ ਲਾਯਾ,
ਬੇ-ਲਾਗ ਪ੍ਰੇਮ ਕੀਤਾ,

ਜੀ ਜਾਨ ਕਰ ਨਿਸਾਰਾ
ਓਦੋਂ ਨ ਸੋਚ ਕੀਤੀ,
ਰਹਿਸੀ ਏ ਰੁੱਤ ਨਾਹੀਂ,
ਜਾਊ ਬਸੰਤ, ਆਊ
ਪਤਝੜਿ ਉਜਾੜ ਕਾਰਾ।
ਕਲੀਆਂ ਤੇ ਫੁੱਲ ਪੱਤੇ
ਸਾਰੇ ਝੜਨਗੇ ਏਥੇ,
ਰਲ ਖ਼ਾਕ ਨਾਲ ਜਾਊ
ਖਿੜਿਆ ਚਮਨ ਏ ਸਾਰਾ।
ਮਾਲੀ ਜਿ ਤੋੜਦਾ ਨਾ,
ਪਤਝੜ ਨ ਛੱਡਣਾ ਸੀ,
ਕਾਇਮ ਨਹੀਂ ਸੀ ਰਹਿਣਾ
ਮੌਸਮ ਦਾ ਕੂੜ ਲਾਰਾ ॥ ੮ ॥

ਇਸ ਰੁੱਤ ਪਤਝੜੀ ਨੂੰ
ਏਹੋ ਨਸੀਬ ਤੇਰੇ
ਸੀ ਦੇਖਣਾ ਉਜ਼ਾੜਾ,
ਕੁਦਰਤ ਦਾ ਪਰਤ-ਵਾਰਾ।
ਜਦ ਹੋਵਣਾ ਸੀ ਏਹੋ,
ਰੋਣਾ ਹੈ ਫੇਰ ਐਵੇਂ,
'ਦੋਸ਼ੀ ਕਿਸੇ ਨੂੰ ਕਹਿਣਾ,
ਕੂੜਾ ਹੈ ਸਭ ਖਿਲਾਰਾ।
ਪੈਂਦੀ ਜਿ ਕੈਦ ਨਾ ਤੂੰ

ਫੁੱਲ ਤੋੜਦਾ ਨ ਕੋਈ
ਬੇਸ਼ੱਕ ਦੇਖਦੀ ਤੂੰ
ਬਹੁਤੇ ਦਿਨਾਂ ਨਜ਼ਾਰਾ।
ਤਦ ਬੀ ਇ ਦੇਹੁ ਅਜ ਦਾ
ਟਲਨਾ ਨਹੀਂ ਸੀ, ਪਜਾਰੀ!
ਰੁਤ-ਫ਼ੇਰ ਦਾਂ ਉਜਾੜਾ
ਸੀਗਾ ਨ ਮੇਟਵਾਰਾ।
'ਖਿੜਵੀਂ ਬਹਾਰ' ਦੇਖੀ
ਬੁਲਬੁਲ ਤੂੰ ਜੀ ਲੁਭਾਯਾ;
ਸੋਚੀ ਨ 'ਰੁਤ-ਮਿਟਵੀਂ
ਰੋਣਾ ਜਿਨ੍ਹੇ ਹੈ ਪਾਯਾ।

---

ਬੁਲਬੁਲ (ਢਾਹ ਮਾਰ ਕੇ) :-
ਪਜਾਰੇ ਜਿ ਦਾਗ਼ ਬਿਰਹੋਂ
ਹਿਰਦੇ ਸੀ ਅੰਤ ਲਾਣਾ,
ਕਿਸ ਵਾਸਤੇ ਸੀ ਜੀਵਨ
ਕਿਸ ਵਾਸਤੇ ਲੁਭਾਣਾ ?
ਮਰਨਾ ਸਜਨ ਜੇ ਤੈਂ ਸੀ
ਕਿਉਂ ਮੈਂ ਨ ਨਾਲ ਮੋਈ ?
ਭਰਿਆ ਇਹ ਛਡ ਮੇਲਾ,
ਕੀਤਾ ਨ ਭੌਰ ਜਾਣਾ ?
ਜੀਉਣਾ ਬਿਨਾ ਪਿਆਰੇ

ਸੂਰਜ ਬਿਨਾ ਹੈ ਚਾਨਣ,
ਟਿਕਣਾ ਜਿਵੇਂ ਹੈ ਉਸਦਾ
ਜਿਸਦਾ ਨ ਹੋ ਟਿਕਾਣਾ।
ਰਾਹੀ ਓ ਦਰਦ ਵਾਲੇ !
ਦਰਦੀ ਬਣੀਂ ਦੁਖੀ ਦਾ
ਜਿੰਦੋਂ ਹੈ ਜ਼ਾਨ ਅੱਕੀ,
ਇਸਦਾ ਕਰੀ ਸਮਾਣਾ।
ਅੰਧੇਰ ਛਾ ਗਿਆ ਹੈ
ਵਰਤੀ ਹੈ ਸੁੰਞ ਸਾਰੇ
ਅਣਹੋਂਦ ਹੋ ਰਹੀ ਹੈ,
ਪਰਲੋ ਦਾ ਹੈ ਮੁਹਾਣਾ ॥੪੦॥

ਰਾਹੀ ! ਕ੍ਰਿਪਾਲ ਹੋਵੀਂ
ਚੱਕਰ ਹਨ੍ਹੇਰ ਆਯਾ,
ਮੇਰੀ ਅਲਖ ਮੁਕਾਵੀਂ
ਝਗੜਾ ਦਈਂ ਚੁਕਾਯਾ !

———

ਰਾਹੀ :-
ਕੀਤੀ ਉਹੀ ਹੈ ਬੁਲਬੁਲ !
ਪਹਿਲਾਂ ਜੁ ਮੈਂ ਅਲਾਈ,
ਲੱਗੀ ਨਹੀਂ ਸੁਹਾਵੀ
ਸੱਚੀ ਜੁ ਸੀ ਸੁਣਾਈ।
ਪਿਛਲੀ ਗਈ ਨੂੰ ਰੋਵੇਂ

ਮਰਨਾਂ ਚਹੇਂ ਅਜਾਈਂ
ਅੱਗੇ ਦੀ ਸਾਰ ਕੋਈ,
ਤੈਨੂੰ ਸਮਝ ਨ ਆਈ ।

ਖਿੜਿਆ ਪ੍ਰਗਟ ਜੁ ਦੇਖੇਂ
ਬਦਲੇ ਏ ਪਲ ਛਿਨੇ ਹੈ,
ਕਾਇਮ ਇ ਬਦਲੀ ਅੰਦਰ
ਤੁਰਿਆ ਸਦਾ ਹੀ ਜਾਈ।

ਠਿਹਿਰਨ ਨ **ਏਸ ਅੰਦਰ,**
ਇਕਰਸ ਨ ਰਹਿਣ ਏਥੇ
ਪਲਟੇ ਤੇ ਪਲਟਾ ਆਵੇ
ਮੂਰਤ ਦੀ ਖੇਡ ਨਜਾਈਂ।

ਚੱਕਰ ਚਲੇ ਹੈ ਹਰਦਮ,
ਖਿਨ ਖਿਨ 'ਵਟਾਉ' ਹੋਂਦਾ,
ਕਾਇਮ 'ਵਟਾਉ' ਅੰਦਰ
ਠਹਿਰਨ ਨਹੀਂ ਹੈ ਰਾਈ।

ਬੀਤੀ ਬਹਾਰ ਖਿੜਵੀਂ,
ਆਈ ਇ ਪਤਝੜੀ ਹੈ,
ਬੀਤੇਗੀ ਪਤਝੜੀ ਏ,
ਮੁੜਕੇ ਬਸੰਤ ਆਈ।

ਦੇਖੇ ਕਟੀਲ ਡਾਲਾਂ,
ਹੋਵੇਂ ਉਦਾਸ ਜਿੰਦੋਂ,
ਖਿੜਨਾ ਹੈ ਫੇਰ ਇਸਨੇ,

ਮੌਸਮ ਨਵੇਂ ਤੇ ਜਾਈ।
ਉਦੀ ਕਰੂੰਬਲੀ ਤੇ
ਪੱਤੇ ਹਰੇ ਤਿ ਕਲੀਆਂ
ਫੁੱਲਾਂ ਦੀ ਫੌਜ ਨਾਲੇ
ਆਵੇਗੀ ਕਰਕੇ ਧਾਈ।
ਰੋਂਦੀ ਹੈਂ ਕਾਸ ਨੂੰ ਤੂੰ ?
ਟੋਲੇ ਹੈਂ ਮੌਤ ਕਾਹਨੂੰ ?
ਧੀਰਜ ਕਰੇ ਜਿ ਥੋੜਾ,
ਚਿੰਤਾ ਰਹੇ ਨ ਕਾਈ ॥੧੦੦॥

ਸੁਖ ਦੇਣ ਹਾਰ ਸੱਚਾ
ਹੈ ਭੇਤ ਮੈਂ ਸੁਨਾਯਾ,
ਜਿਸਨੇ ਏ ਧਾਰ ਲੀਤਾ:
ਦੁਖੜਾ ਹੈ ਉਸ ਮਿਟਾਯਾ!

———

ਬੁਲਬੁਲ :—
ਕੇਹਾ ਹੈ ਬਾਗ਼ ਸੁਹਣਾ !
ਸੁਹਣਾ ਸਦਾ ਨਹੀਂ ਹੈ,
ਪਜ਼ਾਰੇ ਦਾ ਸੰਗ ਦਰਸ਼ਨ
ਰਹਿੰਦਾ ਸਦਾ ਨਹੀਂ ਹੈ !
ਖੇਡਾਂ ਸਮਾਂ ਕਰੇਂਦਾ,
ਦੱਸੇ ਦਿਖਾ ਲੁਕਾਵੇ,
ਲੁਕਿਆ ਨੂੰ ਫੇਰ ਦੱਸੇ



 www.sikhbookclub.com

ਰੜਖੇੜ ਹੋ ਰਹੀ ਹੈ ।

ਆਸਾ ਕਰੋ ਕਿਵੇਂ ਹੀ,
ਕਰਦਾ ਸਮਾਂ ਹੈ ਹੋਰੇਂ,
ਚਿਤਵੋ ਰਿਦੇ ਕੁਛ ਹੋਰੇਂ
ਹੁੰਦੀ ਓਵੇਂ ਨਹੀਂ ਹੈ ।

ਬਣਕੇ ਫਰੋਕ ਇਸਦੀ
ਸੌਂਦਰਯਤਾ ਦੀ ਢੂੰਡਣ,
ਲਿਵਲਾਇ ਨੇਹੁੰ ਪਾਲਣ,
ਜਗੋਂਦਿਆਂ ਮਰਨ ਜਿਹੀ ਹੈ।

ਬਿਰਹੋਂ ਕਟਾਰ ਸਹਿਣੇ,
ਹਾਵੇ ਉਡੀਕ ਤਰਸਣ,
ਸਿੱਕਣ, ਨਿਰਾਸ, ਕੁੱਸਣ
ਕਿਸ ਅਰਥ ਲੈ ਲਈ ਹੈ ?

ਲੈਕੇ ਜਿ ਇਕ ਝਾਕਾ,
ਖਾ ਘਾਉ ਪਟਕਣਾ ਹੈ
ਇਕ ਰਸ ਨ ਮੇਲ ਹੋਣਾ,
ਪ੍ਰੀਤੀ ਕਹੋ ਕਿਹੀ ਹੈ ?

ਇਕ ਰਸ ਨਹੀਂ ਜੁ ਰਹਿੰਦਾ,
ਤਰਸਾਉਂਦਾ, ਸਿਕੇਂਦਾ,
ਖਿੱਦੂ ਦੇ ਵਾਂਙ ਸੁਟਦਾ,
ਧੁਰ ਬਾਣ ਏ ਪਈ ਹੈ,

ਉਸ ਤੋਂ ਉਦਾਸ ਹੋਣਾ,

ਹੈ ਗੱਲ ਨਾ ਅਨੋਖੀ,
ਉਪਰਾਮ ਹੋਇ ਰਹਿਣਾ,
ਰਸਤਾ ਇਹੋ ਸਹੀ ਹੈ ।

ਰਾਹੀ ! ਉਦਾਸ ਜੀਵਨ
ਮੇਰੇ ਸਿਰੇ ਤੇ ਆਯਾ,
ਜੋਗਨ ਬਨਾਂਗੀ, ਤੋੜਾਂ
ਮੋਹ ਸੀਗ ਜੋ ਲਗਾਯਾ ॥੧੧੦॥

ਰਾਹੀ :-

ਬੁਲਬੁਲ 'ਪ੍ਰਕਾਸ਼' ਦੇਖੇਂ
ਇਕਰਸ ਚਹੇਂ ਹੋ ਜਾਈ
ਆਸਾ ਅਫੱਲ ਏ ਹੈ,
ਕੁਦਰਤ ਚਹੇਂ ਉਟਾਈ ।

ਪਰਗਟ ਜੁ ਖੇਡ ਦੇਖੇਂ
ਸਾਰੀ ਦੁਪੱਖ ਵਾਲੀ
ਮੂਰਤ ਦੇ ਦੋਇ ਪਾਸੇ
ਦੋਵੇਂ ਸਦਾ ਤਕਾਈਂ ।

'ਪਰਗਟ' ਨ ਹੋਇ ਇਕਰਸ
ਦੇਖੇਂ ਜੁ ਦਿਸ ਰਿਹਾ ਹੈ,
ਇਕ ਰਸ ਰਿਦਾ ਬਨਾਵੇਂ
ਤਦ ਡੋਲਣਾ ਬਿਲਾਈ।

ਹਰਦਮ ਖੁਸ਼ੀ ਸੁਖੀ ਤੂੰ

ਰਹਿਣਾ ਜਿ ਲੋਚਦੀ ਹੈਂ,
ਇਹ ਮੌਜ ਬੁਲਬੁਲੇ ਤੂੰ
‘ਹਿਰਦੇ ਟਿਕੇ’ ਤੋਂ ਪਾਈ ।

ਸੁਹਣਪ ਪਜਾਰੇ ਦਾ ਜੇ
ਚਾਹੇਂ ਸਦਾ ਰਹਾਵੇ
‘ਜਿਸ ਤੋਂ ਪ੍ਰਕਾਸ਼ ਹੋਵੇ’
ਵਿਚ ਓਸਦੇ ਤੂੰ ਜ ਈਂ ।

‘ਅਣਡਿਠ’ ਹੈ ਜੋ ਕਾਰਨ
ਜਿਸ ਤੋਂ ਸੁਹਣੱਪ ਪ੍ਰਗਟ
ਉਸਦਾ ਸਰੂਪ ਇਕਰਸ
ਰਹਿੰਦਾ ਸਦਾ ਸਦਾਈਂ ।

ਟਿਕਿਆ ਕਰੇਂ ਜਿ ਹਿਰਦਾ
ਹਿੱਲੇਂ ਨ ਡੋਲ ਖਾਵੇਂ
‘ਅਣਡਿਠ’ ਨੂੰ ਜਿ ਵੇਖੇਂ
ਸੀਤਲ ਸਦਾ ਰਹਾਈ।

ਖਿੱਸੇ ਜੁ ਖੇਡ ਅੱਖੀਂ
ਪਰਤੇ ਓ ਹਰ ਘੜੀ ਹੈ
ਹਿਰਦਾ ਨ ਦੇਖ ਡੋਲੇ,
ਤਦ ਮੌਜ ਹੈ ਲਗਾਈ।

‘ਕਾਰਨ’ ਵਿਖੇ ਲਗਾਵੀਂ
ਲੌ ਇਕਰਸੀ ਸਦਾਈ,
‘ਕਾਰਜ’ ਦੇ ਪਲਟ ਦੇਖੀਂ,

ਦੇਖੀ ਨ ਕਾਂਪ ਖਾਈਂ ।

'ਪਰਕਾਸ਼, ਦਾ ਜੁ ਰਸ ਹੈ
'ਇਕਰਸ ਰਿਦੇ ਨੇ ਪਾਯਾ

'ਇਕਰਸ ਰਿਦੇ ਨੇ ਰਸ ਹੈ
'ਅਣਡਿੱਠ' ਦਾ ਚਖਾਯਾ ॥੧੨੦॥

✿✿

# ੫. ਪੁਸ਼ਪਾਵਤੀ-ਚੰਦ੍ਰਾਵਤ


www.sikhbookclub.com

ਇਹ ਕਵਿਤਾ ਸਤੰਬਰ ੧੯੦੭ ਵਿਚ ਨੈਨੀਤਾਲ ਦੇ ਪਹਾੜ ਪਰ ਲਿਖੀ ਗਈ ਸੀ, ਤਦ ਤੋਂ ਮਗਰੋਂ ਕਈ ਵੇਰ ਛਪ ਚੁਕੀ ਹੈ। ਹੁਣ ਇਸ ਨੂੰ ਇਸ ਸੰਚੇ 'ਲਹਿਰਾਂ ਦੇ ਹਾਰ' ਵਿਚ ਸ਼ਾਮਲ ਕੀਤਾ ਗਿਆ ਹੈ।

**ਮਾਰਚ ੧੯੨੮**


www.sikhbookclub.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਪੁਸ਼ਪਾਵਤੀ-ਚੰਦ੍ਰਾਵਤ

ਰੂਪ, ਰੰਗ, ਕਈ ਲੋੜਾਂ, ਗਰਜ਼ਾਂ ਕਰਕੇ ਜੇ ਖਿੱਚ ਪੈ ਜਾਏ, ਜਾਂ ਕਿਸੇ ਦਾ 'ਚੰਗਾ ਲੱਗਣਾ' ਜੀ ਸਮਾ ਜਾਏ, ਇਹ ਪ੍ਰੇਮ ਸਮਝਿਆ ਜਾਣ ਦੀ ਭੁੱਲ ਅਕਸਰ ਹੁੰਦੀ ਹੈ। ਸੱਚੇ ਪਿਆਰ ਦੇ ਨਕਸ਼ ਇਨ੍ਹਾਂ ਸਤਰਾਂ ਵਿਚ ਅੰਕਿਤ ਹਨ :-

ਪੁਸ਼ਪਾਵਤੀ (ਇਕੱਲੀ ਆਪਣੇ ਆਪ ਨਾਲ) :

ਦਿੱਤੀ ਹਾਰ ਦਿਲਾ ! ਤੂੰ ਭਾਰੀ
ਪ੍ਰੇਮ ਤੀਰ ਖਾ ਵਿੰਝ ਗਿਓਂ,

ਬੱਦਲ ਅਜੇ ਵੱਸਿਆ ਨਾਹੀ
ਤੂੰ ਅੱਗੇ ਹੀ ਭਿੱਜ ਗਿਓਂ।

ਖੱਪ ਗਈ ਅੱਜ ਸੋਚਾਂ ਕਰਦੀ,
ਜੀ ਲਾਂਦੀ ਮੈਂ ਅੱਕ ਗਈ,

ਬਾਗੋਂ ਨਿਕਲ ਬਨਾਂ ਵਿਚ ਆਈ,
ਓਟ ਤਕਾਂਦੀ ਥੱਕ ਗਈ।

ਜਿੱਥੇ ਜਾਵਾਂ ਮਨ ਏ ਨਾਲੇ,
ਇਸ ਤੋਂ ਕਿੱਥੇ ਲੁੱਕ ਸਕਾਂ,

ਮੂਰਤ ਇਸ ਵਿਚ ਅਜਬ ਸਮਾਈ,
ਦੇਖ ਸਕਾਂ ਨਾ ਰੁੱਕ ਸਕਾਂ।
ਛਾਂਉਂ ਸੰਘਣੀ, ਵਾਉ ਠੰਢੇਰੀ,
ਫਰਸ਼ ਮਖ਼ਮਲੀ ਘਾਹ ਹਰਾ,
ਮੂੜਵਾਂ ਮੁੱਢ ਤੂਤ ਦਾ ਝੁਕਿਆ,
ਬਣਿਆਂ ਆਸਣ ਬਹੁਤ ਖਰਾ।
ਬੈਠ ਇਥਾਈਂ ਝਾਤੀ ਪਾਵਾਂ
ਅੰਦਰ ਜ਼ਰਾ ਠਰ੍ਹਾਇ ਲਵਾਂ,
ਸਮਝਾਂ ਸਾਫ ਆਪ ਨੂੰ ਆਪੇ,
ਜੇ ਕੁਝ ਹਿੰਮਤ ਪਾਇ ਲਵਾਂ॥੧੦॥
ਅੰਦਰ ਦੇਖਾਂ 'ਮੈਂ' ਨਾ ਮੇਰੀ
ਵਸਤੁ ਬਿਗਾਨੀ ਹੋਇ ਗਈ,
ਓਪ੍ਰੀ 'ਮੈਂ' ਅਪਣੀ ਆ ਹੋਈ,
ਅਪਣੀ ਸੀ ਸੋ ਖੋਇ ਗਈ।
ਹੁਣ ਕੀ ਸੋਚਾਂ ਤੇ ਸਮਝਾਵਾਂ?
ਦਾਰੂ ਸਾਰੇ ਭੱਜ ਖਲੇ,
ਦਾਰੂ ਕਰਾਂ ਕਾਸ ਨੂੰ ਭੁੱਲੀ
ਕਿਰਮ ਅੱਗ ਜਿਉਂ ਅੱਗ ਰਲੇ।
ਇਹ ਕਿਉਂ ਸੋਚਾਂ ਸੋਚ ਕੁਵੱਲੀ :-
'ਮੈਨੂੰ ਕੁਈ ਪਿਆਰ ਕਰੇ',
ਜੇਕਰ ਪ੍ਰੇਮ ਵਸੇ ਮੈਂ ਅੰਦਰ,
ਇਸ ਤੋਂ ਹੋਰ ਨ ਕੁੱਝ ਪਰੇ।

ਕੱਠੇ ਰਹਿਣ; ਮਿਲਣ ਤੇ ਦਰਸ਼ਨ
ਚਾਹੇ ਹੋਣ ਨਸੀਬ ਨਹੀਂ,

ਡੇਰਾ ਲੱਗ ਯਾਦ ਵਿਚ ਚੁੱਕਾ,
ਹੁਣ ਕੀ ਬਾਕੀ ਲੋੜ ਰਹੀ ?

ਅੱਖੋਂ ਉਹਲੇ ਭਾਵੇਂ ਰਹਿਸੀ,
ਦਿਲ ਤੋਂ ਪਰੇ ਨ ਜਾਇ ਸਕੇ,

ਮਿਲਿਆ ਮੇਲ ਨ ਖੁੱਸੇ ਜੇ ਏ,
ਚਿਤ ਚਾਤ੍ਰਿਕ ਜੀ ਰਹਿ ਨ ਛਕੇ ॥੨੦॥

(ਨਜ਼ਰ ਚੁੱਕਕੇ)

ਅਹੁ ਕੀ ਗੂੰਜ ਪਿਆਰੀ ਉੱਠੀ,
ਸਰਰ ਸਰਰ ਜਿਉਂ ਤੀਰ ਕਰੇ ?

ਹੈਂ ! ਏ ਗੌਣ ਬਿਰਹੁੰ ਦਾ ਤ੍ਰਿੱਖਾ,
ਵੱਜ ਕਲੇਜੇ ਚੀਰ ਕਰੇ ।

ਅਹੁ ਆਏ ਲਟਕੰਦੇ ਸੱਜਣ,
ਦੇਖ ਅਸਾਨੂੰ ਚੁੱਪ ਕਰੀ,

ਝਿਜਕੇ, ਠਹਿਰ, ਤੁਰੇ ਮੁੜ ਚੱਲੇ,
ਮੁੜ ਠਹਿਰੇ ? ਕੀ ਸੋਚ ਫੁਰੀ,

ਅਹੁ ਆਏ ਆ ਨੇੜੇ ਪਹੁੰਚੇ,
ਅਰਕ ਆਸਰੇ ਸੀਸ ਧਰੇ:

ਅੱਧੇ ਲੇਟ ਗਏ ਕੁਝ ਆਖਣ,
ਤੱਕਣ, ਨੈਣੀਂ ਨੀਰ ਭਰੇ ।

---

ਚੰਦ੍ਰਾਵਤ :–

ਬਖਸ਼ ਲਵੋ, ਮੈਂ ਸੁਖੀ ਬੈਠਿਆਂ
ਆਕੇ ਪਾਯਾ ਵਿਘਨ ਖਰਾ,
ਪਰ ਕੀ ਕਰਾਂ ? ਤਲੀ ਨਹੀਂ ਟਿਕਦੀ,
ਫਿਰਿਆਂ, ਕਰਦਾ ਢੂੰਡ ਬੜਾ ।
ਤੂੰ ਦੇਵੀ ਹੈਂ ਪਰਮ ਪਵਿੱਤਰ
ਮੈਂ ਜੀ ਪ੍ਰੇਮ ਸਮਾਇ ਰਿਹਾ,
ਇਕ ਪਲ ਵਿੱਛਲ ਖਾਣ ਨੂੰ ਢੂਕਦੀ,
ਬਿਰਹੋਂ ਮਾਰ ਮੁਕਾਇ ਰਿਹਾ ॥੩੦॥
ਬਖਸ਼ ਲਵੋ, ਗਲ ਆਖਾਂ ਭਾਰੀ,
ਮੂੰਹ ਛੋਟਾ ਮੈਂ ਭੁੱਲ ਕਰਾਂ,
ਚੁੱਪ ਰਹਾਂ ਤਦ ਖਾ ਜੇ ਅੰਦਰ,
ਅੱਗ ਜੀਭ ਤੇ ਕਿਵੇਂ ਧਰਾਂ ।
ਜਾਣੀ ਜਾਣ ਤੁਸੀਂ ਹੋ ਮੇਰੇ,
ਭੁੱਲਾਂ ਬਖਸ਼ੋ ਨਿੱਤ ਕਰਾਂ,
ਇੱਕ ਵੇਰ ਤਾਰੋ ਇਹ ਕਹਿਕੇ:
"ਮੈਂ ਭੀ ਰਤਾ ਪਿਆਰ ਕਰਾਂ" ।

ਪੁਸ਼ਪਾਵਤੀ :–

ਚੰਦ੍ਰਾਵਤ ! ਦਿਨ ਬਾਹਲੇ ਹੋਏ,
ਆਖੋ ਤੁਸੀਂ ਪਿਆਰ ਕਰੋ,
ਮੈਨੂੰ ਸਭ ਤੋਂ ਵੱਧ ਜਗਤ ਵਿਚ,
ਦੇਖ ਔਖ ਬੀ ਨਾਂਹਿ ਡਰੋ ।

ਪਰ ਇਕ ਗੱਲ ਕਹਾਂ ਪੁੱਛਣ ਦੀ
ਉੱਤਰ ਉਸਦਾ ਆਪ ਦਿਓ,
ਕੋਈ ਲੁੱਕ ਰਹੇ ਨਾ ਪਿੱਛੇ,
ਲੁਕੇ ਰਿਦੇ ਦੀ ਧਾਪ ਦਿਓ;
ਮੇਰੇ ਨਾਲ ਆਪ ਕਿਸ ਕਾਰਨ
ਡੂੰਘਾ ਅੱਤਿ ਪਿਆਰ ਕਰੋ ?
ਲਗਨ ਲੱਗਿਆਂ ਦੁਖੜੇ ਹੁੰਦੇ,
ਇਹ ਜਾਣੇਂ ਦਮ ਫੇਰ ਭਰੋ ।।੪੦।।

---

ਚੰਦ੍ਰਾਵਤ :–
ਆਪ ਆਪਣੇ ਨੈਣ ਨ ਦਿੱਸਣ
ਦੂਆ ਦੇਖੇ ਵਿੱਝ ਗਿਆ,
ਰੂਪ ਆਪਣਾ ਚੰਦ ਨ ਵੇਖੇ,
ਕਮੀਆਂ-ਮਨ ਤਕ ਭਿੱਜ ਗਿਆ ।
ਸੋਨਾ ਲੁਕੇ ਪੱਥਰਾਂ ਅੰਦਰ
ਕਦਰਾਂ ਵਾਲਾ ਭਾਲ ਲਵੇ,
ਹੀਰਾ ਖਾਣ ਵਿਖੇ ਛਿਪ ਬਹਿੰਦਾ,
ਖੋਜੀ ਢੂੰਡ ਨਿਕਾਲ ਲਵੇ ।
ਤਿਉਂ ਪੁਸ਼ਪਾਵਤਿ ! ਤੂੰ ਨਾ ਜਾਣੇਂ,
ਰੂਪ ਆਪਣਾ ਭੁੱਲ ਰਹੀ,
ਕਦਰ ਸੁਰੂੱਪ ਆਪਣੇ ਵਾਲੀ,
ਪਜਾਰੀ ! ਹਿਰਦੇ ਤੁੱਧ ਨਹੀਂ,

ਮੈਂ ਮੋਹਿਤ ਇਸ ਰੂਪ ਸੁਹਾਵੇ,
ਭੌਰ ਕਮਲ ਜਿਉਂ ਵਿੱਧ ਰਿਹਾ,
ਲਪਟ ਰਿਹਾ ਇਸ ਰੂਪ ਲਪਟ ਨੂੰ
ਚਾਂਦਨਿ-ਚੰਦ ਚਕੌਰ ਜਿਹਾ ।
ਸੂਰਤ ਪਜਾਰੀ, ਸਭ ਤੋਂ ਨਜਾਰੀ
ਬੈਠੀ ਨੈਣਾਂ ਵਿਚ ਸਦਾ,
ਕਰ ਮੋਹਿਤ ਖਿੱਚੇ ਜਿਉਂ ਗੁੱਡੀ,
ਡੋਰ ਰੱਖਦੀ ਖਿੱਚ ਸਦਾ ॥ ੫੦ ॥

---

ਪੁਸ਼ਪਾਵਤੀ:-

ਰੂਪ ਸਦਾ ਰਹਿਣਾ ਹੈ ਨਾਹੀਂ,
ਢਲ ਜਾਵੇ ਏ ਸਮੇਂ ਫਿਰੇ,
ਸੂਰਜ ਜੋਬਨ ਨੇ ਢਲ ਨਾਲੇ
ਰੂਪ ਜਜੋਤ ਭੀ ਢਲਕ ਢਰੇ।
ਰੋਗ ਕੁਈ ਇਸ ਰੂਪ ਸੁਹਾਵੇ
ਮਾਰ ਚਪੇੜਾਂ ਨਾਸ਼ ਕਰੇ,
ਚਿੰਤਾ ਵੈਰਨ ਸੁੰਦਰ ਚਿਹਰੇ
ਚੂੰਢੀ ਵੱਢ ਉਦਾਸ ਕਰੇ।
ਚੰਦ੍ਰਾਵਤ ! ਹੈ ਬਹੁਤ ਕਚੇਰੀ
ਪਜਾਰ ਆਪਦੇ ਓਟ ਲਈ।
ਏਸ ਪ੍ਰੇਮ ਦੀ ਗੂੰਜ ਕਠਨ ਹੈ,
ਉਠੇ ਨ ਉਲਟੀ ਚੋਟ ਲਈ।

ਚੰਦ੍ਰਾਵਤ :–

ਪੁਸ਼ਪਾਵਤੀ ! ਸੁਣੀਂ ਦਿਲ ਦੇਕੇ,
ਆਸ ਨ ਮੇਰੀ ਮੇਟ ਦਈਂ,
ਬੱਸ ਨ ਏਹੋ ਦਿਲ ਵਿੰਨ੍ਹਣ ਦਾ
ਕੁਝ ਕਾਰਨ ਸੁਣ ਹੋਰ ਲਈਂ;
ਹਾਵ ਭਾਵ ਭੋਲੇਪਨ ਅੰਦਰ
ਕੁਦਰਤ ਤੈਂ ਵਿਚ ਬਹੁਤ ਧਰੇ,
ਹੱਸਣ, ਬੋਲਣ, ਉੱਠਣ ਬੈਠਣ,
ਸਾਰੇ ਖਿੱਚਾਂ ਨਾਲ ਭਰੇ ॥ ੯੦ ॥
ਤਾਰ ਹਿੱਲਿਆਂ ਪੁਤਲੀ ਹਿਲਦੀ,
ਤਿਉਂ ਹਿੱਲਾਂ ਤੈਂ ਨਜ਼ਰ ਕਰੇ,
ਫੇਰੇਂ ਨਜ਼ਰ, ਸੁਸਤ ਹੋ ਜਾਵਾਂ,
ਸੂਰ ਛਪੇ ਜਯੋਂ ਕਮਲ ਘਿਰੇ*।

ਪੁਸ਼ਪਾਵਤੀ:–

ਹਾਵ ਭਾਵ ਤੇ ਕਿਰਿਆ ਪਜਾਰੀ
ਜੋਬਨ ਦੀ ਇਕ ਖੇਡ ਬਣੀ,
ਵਧੇ ਉਮਰ ਗੰਭੀਰ ਹੋਵੀਏ
ਪਵੇ ਅਦਾਵਾਂ ਵਿੱਚ ਕਣੀ,
ਜਗਤ ਜੰਜਾਲ ਤੇ ਫਿਕਰ ਟੱਬਰਾਂ
ਹਾਵਾਂ ਦੀ ਸਭ ਛਾਂਗ ਕਰੇ,
ਇਸ ਤਕੀਏ ਤੋਂ ਪ੍ਰੇਮ ਆਪ ਦਾ

*ਘਿਰ ਜਾਣਾ, ਦਿਲ ਉਦਾਸ ਹੋ ਜਾਣਾ।

ਰੇਤ ਟਿੱਬਿਆਂ ਵਾਂਗ ਖਰੇ।

ਚੰਦ੍ਰਾਵਤ :-

ਪ੍ਰੇਮੀ ਹੋਸ਼ ਸਾਫ ਨਹੀਂ ਹੁੰਦੀ,
ਪੰਡਤ ਵਾਂਙ ਨ ਬੋਲ ਸਕੇ,
ਗੁੰਦ ਨ ਜਾਣੇ ਖਯਾਲ ਆਪਣੇ
ਗੁੰਦੇ, ਕਹਿਣੋਂ ਬਹੁਤ ਝਕੇ।
ਤੂੰ ਗੁਣਵਾਨ ਗੁਣਾਂ ਦੀ ਪੁਤਲੀ,
ਸਜ ਰਹੇ ਗਹਿਣੇ ਹੁਨਰ ਭਲੇ,
ਸੋਨਾਂ ਰੂਪ ਫਬਨ ਸੀ ਪਹਿਲੇ;
ਗੁਣ ਸੁਗੰਧਿ ਹਨ ਨਾਲ ਰਲੇ ॥੭੦॥
ਕਿੱਕੁਰ ਮਨ ਮੋਹਯਾ ਨਾ ਜਾਵੇ,
ਵਿੰਨ੍ਹਣ ਜ਼ਦ ਦੋ-ਪੰਖ ਸਰੀ*।
ਕਿਰਪਾ ਕਰੋ ਕਹੋ ਇਕ ਵਾਰੀ
"ਪਯਾਰ ਕਰਾਂ ਮੈਂ ਪਯਾਰ ਭਰੀ"।

ਪੁਸ਼ਪਾਵਤੀ:-

ਰਹੇ ਮੁਥਾਜ ਦਸ਼ਾ ਦਾ ਜਿਹੜਾ
ਜੜ੍ਹ ਡੂੰਘੀ ਦਾ ਪ੍ਰੇਮ ਨਹੀਂ,
ਚੰਗੀ ਨਜ਼ਰ ਰਹੇ ਜਦ ਤਾਈਂ
ਜਦ ਤਾਂਈਂ ਹੱਥ ਤਾਣ ਰਹੀ,
ਹੋਰ ਰੁਝੇਵੇਂ ਮਨ ਨਹੀਂ ਮੁੱਠਾ,
ਪਈ ਨ ਆਪਦਾ ਆਨ ਸਿਰੇ

---

*ਦੋ ਖੰਭੇ ਤੀਰ।

ਤਦ ਤਾਈਂ ਲਏ 'ਪ੍ਰੇਮ' ਓਟ ਏ,
ਰੇਤ ਕੰਧ ਜਿਉਂ ਫੇਰ ਕਿਰੇ।

ਚੰਦ੍ਰਾਵਤ :-

ਪੁਸ਼ਪਾਵਤੀ ! ਊਣ ਹੈ ਡਾਢੀ
ਬਾਣੀ ਬਣੇ ਸਹਾਇਕ ਨਾ,
ਪਦ ਨਾ ਲੱਭਣ ਜੋ ਜੀ ਅੰਦਰ,
ਜੀਭ ਕਹਿਣ ਦੇ ਲਾਇਕ ਨਾ।
ਵਿੱਦਯਾ ਬਹੁਤ ਤੁਸਾਂ ਹੈ ਪਾਈ
ਲਟ ਲਟ ਅੰਦਰ ਦੀਪ ਜਗੇ,
ਸੁੰਦਰਤਾ ਤੇ ਇਸ ਚਾਨਣ ਦਾ
ਦੂਣ ਸਵਾਯਾ ਰੂਪ ਲਗੇ ॥੮੦॥
ਇਸ ਦੀ ਖਿੱਚ ਮਿਲੀ ਹੈ ਨਾਲੇ,
ਚਿੱਤ ਬਨਾਯਾ ਭੌਰ ਜਿਨ੍ਹੇ,
ਸੁੰਦਰ ਕਮਲ ਧੁੱਪ ਚਮਕਾਯਾ,
ਤਜੋਂ ਪਜਾਰੀ ਦੀ ਫਬਨ ਬਨੇ।

ਪੁਸ਼ਪਾਵਤੀ:-

ਸੂਰਜ ਛਿਪੇ ਚਮਕ ਓ ਵਾਧੂ
ਕਮਲਾਂ ਦੀ ਘਟ ਜਾਇ ਸਦਾ,
ਚੰਦ ਛਿਪੇ ਕਮੀਆਂ ਦੀ ਡੰਡੀ
ਲੈਂਦੀ ਸੀਸ ਝੁਕਾਇ ਸਦਾ।
ਮਗੈਜ਼ ਫਿਰੇ ਸਭ ਵਿੱਦਯਾ ਸਿੱਖੀ
ਭੁੱਲ ਜਾਂਵਦੀ ਵਾਰ ਕਈ,

ਕਦੀ ਕਦੀ ਆਕੜ ਤੇ ਹੈਂਕੜ
ਵਿੱਦਯਾ ਦੇ ਸਿਰ ਆਇ ਪਈ।
ਤਦੋਂ ਕਰੇ ਛਿੱਥਾ ਤੇ ਗੁੱਸੇ
ਤਾਰ ਤੁੜਾਵੇ ਪ੍ਰੇਮ ਮਈ,
ਵਿੱਦਯਾ ਆਸ੍ਰੇ ਪ੍ਰੇਮ ਭਲਾ ਹੈ
ਇਹ ਬੀ ਨਿਭਣਾ ਖੇਡ ਨਹੀਂ।
ਹੇ ਚੰਦ੍ਰਾਵਤ ! ਓਟ ਪ੍ਰੇਮ ਦੀ
ਪੱਕੀ ਇਹ ਬੀ ਨਾਹਿ ਵੁਠੇ,
ਏਸ ਪ੍ਰੇਮ ਦੀ ਗੂੰਜ ਉਲਟਵੀਂ
ਰਿਦੇ ਗੁੰਬਦੋਂ ਨਾਹਿ ਉਠੇ ॥੯੦॥
ਇਸ ਦੇ ਨਾਲ ਸੁਣੋ ਗੱਲ ਸੱਚੀ
ਮੈਂ ਖਾਲੀ ਹਾਂ ਸਭ ਗੁਣ ਤੋਂ,
'ਪ੍ਰੇਮੀ ਜੀ' ਤੁਹਾਡੇ ਨੂੰ ਲੱਗੀ
ਗੁਣੀ ਤਿ ਖਾਣੀ ਸਭ ਥੁੜ ਤੋਂ।
ਉਸਦੀ ਨਜ਼ਰ ਨ ਔਗੁਣ ਵੇਖੇ
ਪ੍ਰੇਮ ਲਹਿਰ ਜੋ ਜਾਇ ਪਵੇ,
ਨੌਂ ਦਿਨ ਨਵਾਂਪਨੇ ਦੇ ਬੀਤਯਾਂ
ਔਗੁਣ ਗੁਣ ਨੂੰ ਛਾਇ ਲਵੇ।
ਔਗੁਣ ਤੋਂ ਖਾਲੀ ਨਹਿੰ ਕੋਈ
ਘਾਟੇ ਸਭਨਾਂ ਵਿੱਚ ਭਰੇ,

ਔਗੁਣ ਜਦ ਪ੍ਰੇਮੀ ਨੂੰ ਦਿਸਿਆ
ਨਦੀ-ਨੀਰ ਜਿਉਂ ਪ੍ਰੇਮ ਢਰੇ।
ਮੈਂ ਗੁਣਹੀਨ, ਰੂਪ ਨਹਿੰ ਮੇਰਾ
ਮਾਪੇ ਨਹੀਂ ਅਮੀਰ ਬੜੇ,
ਚੱਜ ਅਚਾਰ ਨ ਦਾਤ ਵਡੇਰੀ,
ਮਸਤਕ ਨਹੀਂ ਨਸੀਬ ਚੜੇ,
ਮੇਰੇ ਨਾਲ ਪਜੋਰ ਨੂੰ ਤਜਾਗੋ;
ਦਾਰੂ ਇਦ੍ਹਾ ਵਿਚਾਰ ਕਰੋ,
ਪਾਵੇ ਤੇਲ ਖੌਲਦੇ ਪਾਣੀ,
ਹੇਠੋਂ ਅੱਗ ਨਿਕਾਲ ਧਰੋ ॥੧੦੦॥
ਤੇਲ ਵਿਚਾਰ, ਅੱਗ ਦਾ ਕੱਢਣ
ਮੇਰਾ ਛੱਡ ਖਿਆਲ ਦਿਓ,
ਪਰਦਾ ਤਾਣ ਭੁੱਲ ਦਾ ਗੱਭੇ,
ਵਹਿਣ ਪ੍ਰੇਮ ਦਾ ਢਾਲ ਦਿਓ।

----

ਚੰਦ੍ਰਾਵਤ.-
ਕੀ ਆਖਾਂ ? ਉੱਤਰ ਨਾ ਆਵੇ,
ਵਿਥਿਆ ਸਾਰੀ ਮੈਂ ਦਿਲ ਦੀ,
ਕਹਿਣ ਗੋਚਰੀ ਆਖੀ ਸਾਰੀ
ਅੱਗੋਂ ਜੀਭ ਨਹੀਂ ਹਿਲਦੀ।
ਪ੍ਰੇਮ-ਰੁੱਖ ਦੀਆਂ ਜੜ੍ਹਾਂ ਡੂੰਘੀਆਂ
ਸਿਕਦਾ ਹੈ ਨਾਹੀਂ ਮਾਲ ਲਈ,

ਰੂਪ ਗੁਣਾਂ ਵਿੱਦਯਾ ਦੇ ਬਲ ਤੋਂ
ਡੂੰਘੀ ਇਸ ਦੀ ਨੀਉਂ ਗਈ,
ਉਸ ਡੂੰਘਾਣ ਦਾ ਹਾਲ ਪਿਆਰੀ!
ਮੈਂ ਬੀ ਆਪ ਨ ਸਮਝ ਸਕਾਂ,
ਗੁੰਗੇ ਦੇ ਗੁੜ ਵਾਂਗ ਖਾਇਕੇ
ਸ੍ਵਾਦ ਕੀਕਰਾਂ ਆਖ ਸਕਾਂ?
ਮੈਂ ਪੁਤਲਾ ਪਜਾਰੀ ਦਾ ਡਿੱਠਾ
ਕਰ ਖਾਲੀ ਇਸ ਰੂਪ ਗੁਣੋਂ,
ਚਿੰਤਾ, ਕ੍ਰੋਧ, ਬਿਪਤਾ ਵਿਚ ਫਸਿਆ
ਪ੍ਰੇਮ ਨ ਘਟਿਆ ਏਸ ਖੁਣੋਂ,
ਰੋਗ ਦਸ਼ਾ ਵਿਚ, ਹੋਸ਼ੋਂ ਵਿਹਲਾ
ਕਦੀ ਰੁਝੇਵੇਂ ਥੱਕ ਰਿਹਾ,
ਪ੍ਰੇਮ ਨ ਮੁੜਿਆ ਵੇਖ ਅਜੇਹੀ,
ਹੋਰ ਅਗਾਹਾਂ ਧੱਤ੍ਰ ਰਿਹਾ।
ਜਿਹੜੀ ਤਾਰ ਪ੍ਰੇਮ ਦੀ ਬੱਝੀ,
ਬੱਝੀ ਢਿਲਕ ਨ ਖਾਇ ਸਕੇ,
ਸੈ ਪਰਤਾਵੇ ਸਹੂ ਤਾਰ ਏ
ਅੰਤ ਤੀਕ ਏ ਤਾਰ ਤਗੇ।
ਘਰ ਕੀਤਾ ਇਸ ਘਰ ਦੇ ਅੰਦਰ,
'ਮੈਂ' 'ਤੂੰ' ਇਕੋ ਰੂਪ ਹੁਇਆ,
ਆਪੇ ਵਾਂਙ ਪਿਆਰੀ ਤੂੰ ਹੈ
'ਤੂੰ' ਨੂੰ ਕਰ 'ਮੈਂ' ਰੂਪ ਲਿਆ।

'ਦਸ਼ਾ ਆਪਣੀ' ਕਿਤਨੀ ਪਲਟੇ
ਔਗੁਣ ਘੇਰੇ, ਰੋਗ ਫਸੇ,

ਧਿਰਕਾਰੀ ਸਭ ਜਗ ਤੋਂ ਜਾਵੇ
ਪੁਜਾਰੀ ਫਿਰ 'ਅਪਣਤ' ਲਗੇ।

ਤਿਉਂ ਤੂੰ ਪੁਜਾਰੀ ! ਆਪੇ ਵਾਂਢੂ
ਹਰ ਵੇਲੇ ਹਰ ਹਾਲ ਰਹੇਂ,

ਕਾਰਣ ਦੱਸ ਸਕਾਂ ਨਾ, ਵਾਰੀ !
ਸਮਝ ਲਵੋ ਜੋ ਵਾਕ ਕਰੇ ॥੧੨੦॥

ਵਾਕ ਅਧੂਰੇ, ਜੀਭ ਨਿਮਾਣੀ,
ਦਿਲ ਤਕ ਇਸਦੀ ਪਹੁੰਚ ਨਹੀਂ।

ਦਿਲ ਨੂੰ ਦਿਲ ਆਪੇ ਹੈ ਜਾਣੇ
ਝਲਕ ਦਿਲੀਂ ਪਰਤੀਜ ਰਹੀ।

ਦਿਲ ਮੇਰਾ ਇਹ ਆਖੇ:-'ਤੈਨੂੰ
ਪੁਸ਼ਪਾ-ਵਤੀ ਪਿਆਰ ਕਰੇ,

ਪਰ ਇਕ ਵੇਰ ਜਿ ਮੂੰਹੋਂ ਆਖੇਂ
ਘੁੰਮਣ ਘੇਰੋਂ ਪਾਰ ਕਰੇਂ।

---

ਪੁਸ਼ਪਾਵਤੀ:-

ਮੈਂ ਕੀ ਕਹਾਂ ? ਆਖ ਨਾ ਸੱਕਾਂ
ਪ੍ਰੇਮ ਆਪ ਦਾ ਬਹੁਤ ਘਣਾਂ,

ਜੀਭ ਮਾਸ ਦੀ ਬੋਟੀ ਹੈਵੇ,
ਦਿਲ ਗੂੰਗਾ ਹੈ ਜੀਭ ਬਿਣਾ।

ਮਿਲਣਾ ਵੱਸ ਮਾਪਿਆਂ ਸਾਡਾ
ਆਗਜਾ ਦੇਵਣ, ਦੇਣ ਨਹੀਂ।
ਐਪਰ ਗੰਢ ਪ੍ਰੇਮ ਦੀ ਪੱਕੀ
ਟੁੱਟ ਨ ਸਕਦੀ ਪੀਚ ਪਈ।
ਮੈਂ ਚੰਦ੍ਰਾਵਤ ਪੂਜ ਬਨਾਯਾ
ਦਿਲ ਦੇ ਤਖਤ ਬਿਠਾਲ ਲਿਆ,
ਆਪਾ ਉਸਦੇ ਵਿੱਚ ਸਮਾਯਾ
ਦੂਈ ਭਰਮ ਉਠਾਲ ਲਿਆ।੧੩੦।
ਕਰਨਾ ਪਯਾਰ, ਤੁਸਾਂ ਨਾ ਕਰਨਾ,
ਏ ਆਸ਼੍ਰਾ ਬੀ ਤੋੜ ਲਿਆ,
ਮਿਲਨੋ ਰੁਕੇ, ਦਰਸ਼ਨੋਂ ਵਾਂਜੇ
ਮਿਲੀ ਰਹਾਂ, ਜੀ ਜੋੜ ਲਿਆ।
ਵਾਸਾ ਧਯਾਨ ਵਿੱਚ ਹੈ ਦਿੱਤਾ,
ਚੰਦ੍ਰਾਵਤ ਦੀ ਸੇਵ ਕਰਾਂ,
ਵਿੱਚ ਆਤਮੇਂ ਸੇਵਾਂ ਪਯਾਰਾ,
ਛਿਨ ਵਿਸਰੇ ਤਨ ਫੂਟ ਮਰਾਂ।
ਜੇ ਧੁਰ ਤੋਂ ਹੈ ਮੇਲਾ ਲਿਖਿਆ,
ਤਦ ਜੀਵਨ ਫਲ ਪਾਇ ਲਿਆ,
ਜੇਕਰ ਵਿਘਨ ਪਏ ਇਸ ਅੰਦਰ,
ਮੈਂ ਮਨ ਵਿੱਚ ਵਸਾਇ ਲਿਆ:
ਪੱਕਾ ਦਾਈਆ ਇਹ ਹਿਰਦੇ ਦਾ
ਕਦੀ ਨ ਛੱਡਾਂ, ਮੌਤ ਸਹਾਂ,

ਜੇ ਵਰਿਆ, ਚੰਦ੍ਰਵਤ ਵਰਸਾਂ,
ਨਹੀਂ ਤੇ ਕੁਆਰੀ ਨਿੱਤ ਰਹਾਂ।
ਤੂੰ ਡਿੱਠਾ, ਤੂੰ ਦ੍ਰਿਸ਼ਯ ਰਿਹਾ ਨਾ,
ਨਜ਼ਰ ਆਪ ਤੂੰ ਹੋਇ ਗਿਆ,
ਤੇਰੇ ਵਿਚ ਸਮਾਈ ਹੋਈ
ਦੂਆ ਨਜ਼ਰੋਂ ਲੋਪ ਰਿਹਾ ॥੧੪੦॥

———

ਪਿਤਾ ਦੁਹਾਂ ਦੇ ਮਿੱਤਰ ਸੀਗੇ
ਚਿਰ ਤੋਂ ਕਰਦੇ ਜਤਨ ਬੜੇ,
ਪ੍ਰੇਮ ਦੁਹਾਂ ਦਾ ਐਸਾ ਹੋਵੇ
ਟੁੱਟੇ ਕਦੀ ਨ ਉਲਝ ਅੜੇ:
ਅੱਜ ਮੁਰਾਦ ਪੁਗੀ ਜਦ ਦੇਖੀ
ਰਚਕੇ ਮੰਗਲਚਾਰ ਕਈ,
ਸਿਕਦੇ ਪ੍ਰੇਮੀ ਇੱਕ ਕਰਾਏ,
ਬੀਤੀ ਉਮਰਾ ਪ੍ਰੇਮ ਮਈ।

———


www.sikhbookclub.com

# ੬. ਬਿਸਮਿਲ ਮੋਰ


www.sikhbookclub.com

# ਮੋਰ

ਮੋਰ ਹਿੰਦੁਸਤਾਨ ਦਾ ਪੁਰਾਣੇ ਤੋਂ ਪੁਰਾਣੇ ਸਮਿਆਂ ਦਾ ਵਾਸੀ ਹੈ, ਇਥੋਂ ਤਾਂਈਂ ਕਿ ਸੁਲੇਮਾਨ ਪਾਤਸ਼ਾਹ ਨੇ ਪਲਸਤੀਨ ਵਿੱਚ ਮੋਰ ਹਿੰਦੁਸਤਾਨ ਵਿਚੋਂ ਮੰਗਵਾ ਕੇ ਵਸਾਏ ਸਨ। ਸੁੰਦਰਤਾ ਵਿਚ ਇਸ ਪੰਛੀ ਦੀ ਇਤਨੀ ਕਦਰ ਹੈ ਕਿ ਕਲਾ ਕੌਸ਼ਲ ਯਾ ਕੋਮਲ ਉਨਰਾਂ ਵਾਲਿਆਂ ਮੋਰ ਨੂੰ ਸੁੰਦਰਤਾ ਦਾ ਨਜ਼ਾਰਾ ਯਾ ਕੋਈ ਰੰਗ ਖਿੱਚਦੇ ਹਨ, ਮੋਰ ਕਿਸੇ ਨ ਕਿਸੇ ਰੰਗ ਵਿਚ ਅਕਸਰ ਨਾਲ ਪਾ ਦੱਸਦੇ ਹਨ। ਇਸ ਦੀ ਕਲਗੀ ਅਤੇ ਸ਼ਾਨਦਾਰ ਸੁਹਣੇ ਤੋਂ ਸੋਹਣੇ ਖੰਭਾਂ ਦੀ ਫਬਨ; ਇਸ ਪਰ ਜਦੋਂ ਇਹ ਪੈਲਾਂ ਪਾ ਪਾ ਦੱਸਦਾ ਹੈ ਉਸ ਵੇਲੇ ਦਾ ਹੁਸਨ ਨਜ਼ਾਰਾ ਇਸ ਨੂੰ ਮਨੁੱਖ ਮਾਤ੍ਰ ਦਾ ਪਿਆਰਾ ਬਨਾ ਗਿਆ ਹੈ, ਇਸੇ ਕਰਕੇ ਹਿੰਦੁਸਤਾਨ ਦੇ ਲੋਕ ਇਸ ਨੂੰ ਮਾਰਦੇ ਨਹੀਂ, ਮਾਰਨ ਦੀ ਥਾਂ ਸਗੋਂ ਰੱਖਯਾ ਕਰਦੇ ਹਨ ਤੇ ਮਾਰਨ ਵਾਲੇ ਨੂੰ ਦੰਡਿਤ ਕਰਦੇ ਹਨ। ਦੇਸੀ ਰਿਆਸਤਾਂ ਵਿਚ ਤਾਂ ਮੋਰ ਮਾਰਨੇ ਦੀ ਸਖਤ ਮਨਾਹੀ ਹੈ, ਤੇ ਸਰਕਾਰੀ ਇਲਾਕਿਆਂ ਵਿਚ ਭੀ ਕਈ ਜਗਾ ਮਨਾਹੀ ਹੈ।

ਖਾਣ ਵਿਚ ਇਸ ਦਾ ਮਾਸ ਕੋਈ ਬਹੁਤ ਪਸੰਦ ਵਾਲੀ ਸ਼ੈ ਨਹੀਂ, ਪਰ ਯੂਰਪ ਵਿਚ ਕਿਸੇ ਜ਼ਮਾਨੇ ਇਸ ਦਾ ਮਾਸ ਬੜਾ ਪਸੰਦ ਸੀ। ਸ਼ਾਹੀ ਤੇ ਅਤਿ ਅਮੀਰਾਂ ਦੇ ਦਸਤਰਖਾਨ ਇਸ ਦੇ ਗੋਸ਼ਤ ਦੀਆਂ ਰਕਾਬੀਆਂ ਨਾਲ ਸਜਦੇ ਰਹੇ ਹਨ ਬਲਕਿ ਕੇਵਲ ਇਸ ਦੀਆਂ ਜੀਭਾਂ ਦੇ ਸਲੂਣੇ ਜ਼ਯਾਫਤਾਂ ਵਿਚ ਖਿਲਾਉਣ ਅਤਿ ਅਮੀਰੀ ਦੀ ਨਿਸ਼ਾਨੀ ਸੀ, ਪਰ ਉਥੇ ਭੀ ਹੁਣ ਇਹ ਹਾਲ

ਨਹੀਂ ਰਿਹਾ ।

ਹਿੰਦੁਸਤਾਨ ਵਿਚ ਮੋਰ ਖਾਣ ਯਾ ਮਾਰਨ ਦਾ ਖ੍ਯਾਲ ਗਿਰਾਵਾਂ ਸ਼ਹਿਰਾਂ ਵਿਚ ਡਾਢੀ ਨਫਰਤ ਨਾਲ ਡਿੱਠਾ ਜਾਂਦਾ ਹੈ। ਇਸ ਕਵਿਤਾ ਵਿਚ ਕਿਸੇ ਇਕ ਅਤਿ ਕੁਰੂਪ ਵਾਲੇ ਨੀਵੇਂ ਆਦਮੀ ਦਾ, ਨਵਾਂ ਪੱਛਮੀ ਮਤ ਲੈ, ਅੰਗ੍ਰੇਜ਼ੀ ਪੜ੍ਹ ਜਾਕੇ, ਚੰਗੀ ਤਨਖਾਹ ਲੈ ਕੇ, ਪੁਰਾਣੇ ਰੋਮਨ ਲੋਕਾਂ ਦੇ ਹਾਲ ਪੜ੍ਹ, ਮੋਰ ਮਾਸ ਖਾਣ ਦੇ ਸ਼ੌਕ ਤੋਂ ਲਾਚਾਰ ਹੋ, ਮੋਰ ਸ਼ਿਕਾਰ ਕਰਨ ਦੀ ਵਾਰਤਾ ਹੈ। ਉਹ ਕਾਲੇ ਧੂਤ ਅਤੇ ਕੋਝੇ ਚਿਹਰੇ ਵਾਲੇ ਬਾਬੂ ਦਾ ਮੋਰ ਨੂੰ ਗੋਲੀ ਮਾਰਨਾ, ਮੋਰ ਦਾ ਉਸਨੂੰ ਝਾੜਨਾ ਤੇ ਇਸ ਝਾੜ ਵਿਚ ਉੱਚੇ 'ਰਸ-ਮੰਡਲ' ਦੇ ਖ੍ਯਾਲ ਤੇ ਅਰਸ਼ੀ ਭਾਵ ਦੱਸਣੇ, ਮੋਰਨੀ ਦਾ ਦੁਖ ਕਰਨਾ ਤੇ ਗਿਰਾਂ ਵਾਲਿਆਂ ਦਾ ਕੋਪ; ਕਈ ਸਾਲ ਹੋਏ ਇਕ ਕਵਿਤਾ ਵਿਚ ਲਿਖੇ ਗਏ ਸਨ, ਅਗਲੇ ਸਫਿਆਂ ਪੁਰ ਉਹ ਕਵਿਤਾ ਅੰਕਿਤ ਹੈ।

ਜੁਲਾਈ ੧੯੨੨

---

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਬਿਸਮਿਲ ਮੋਰ

ਸਬਜ਼ਾ ਜਾਰ ਸੀ ਖਿੜੀ ਜ਼ਮੀਨ ਸੋਹਣੀ,
ਉੱਤੇ ਮੋਰ ਆਯਾ ਪੈਲ ਪਾਵਣੇ ਨੂੰ,

ਪੌਣ ਚੌਰ ਕਰਦੀ, ਉਸ਼ਾ* ਰੰਗ ਲਾਂਦੀ,
ਨੀਲਾ ਡਲ੍ਹਕਿਆ ਰੂਪ ਵਧਾਵਣੇ ਨੂੰ,

ਮੀਂਹ ਵੱਸਦਾ, ਤ੍ਰੇਤ ਫੁਹਾਰ ਪਾਂਦੀ,
ਸੂਰਜ ਆ ਗਿਆ ਫਬਨ ਦਿਖਾਵਣੇ ਨੂੰ,

ਬੇਲੀ ਕੁਦਰਤ ਦੇ ਕਦਰ ਵਧਾਣ ਆਏ,
ਨਿਖਰੀ ਸੰਵਰੀ ਦਾ ਸ੍ਵਾਦ ਚਖਾਵਣੇ ਨੂੰ ।

ਚਾਣਚੱਕ ਇਕ ਠਾਹ ਦੀ ਵਾਜ ਆਈ
ਬੱਝੇ ਸੁਆਦ ਵਿਚ ਕੋੜਕੂ ਰੜਕਿਆਈ,

ਮਸਤ ਅੱਖੀਆ ਤ੍ਰਭ੍ਰਕ ਕੇ ਤੱਕੀਆਂ ਨੀਂ,
'ਰੰਗ ਭੰਗ ਕਰਨਾ' ਕੀਹ ਖੜਕਿਆਈ ?

ਪੈਲਾਂ ਪਾਂਦੇ ਦੀ ਫੜਕਦੀ ਜਿੰਦ ਦਿੱਸੀ,
ਸੂਹਦਾ ਖਾ ਗੋਲੀ ਭੁੰਞੇ ਫੜਕਿਆਈ,

---

*ਉਸ਼ਾ ਯਾ ਪਹੁ-ਉਹ ਚਾਨਣਾ ਹੈ ਜੋ ਸੂਰਜ ਚੜ੍ਹਨ ਤੋਂ ਪਹਿਲਾਂ ਤੇ ਡੁੱਬਣ ਤੋਂ ਮਗਰੋਂ ਹੁੰਦਾ ਹੈ ।


www.sikhbookclub.com

ਢੂੰਡਣਹਾਰ ਬੀ ਨੱਸਕੇ ਕੋਲ ਆਯਾ,
ਮਰਦਾ ਮੋਰ ਇਉਂ ਓਸਨੂੰ ਕੜਕਿਆਈ:—
ਬੁਰਾ ਕੀਤਾ ਈ ਬਾਬੂਆ! ਨਾਲ ਸਾਡੇ,
ਬਿਨ ਦੋਸ਼ਿਆਂ ਆਨ ਸਤਾਇਆਈ।
ਤੇਰੇ ਮਾਂਹ ਨਾ ਅਸਾਂ ਨੇ ਕਦੇ ਮਾਰੇ,
ਕਿਹੜੀ ਗੱਲ ਤੇ ਭੁਏਂ ਪਟਕਾਇਆਈ?
ਜੱਗ ਦੋਸ਼ੀਆਂ ਲਈ ਬੰਦੂਕ ਆਈ,
ਮੋਢੇ ਬੀਰਾਂ ਹੀ ਏਸ ਨੂੰ ਚਾਇਆਈ।
ਦੱਸ ਕਾਇਰਾ! ਮੂਰਖ ਉਹ ਰਹੇ ਕਿੱਥੇ,
ਤੈਨੂੰ ਜਿਨ੍ਹੇ ਇਹ ਸ਼ਸਤ੍ਰ ਫੜਾਇਆਈ?
ਵਿੱਚ ਜੰਗਲਾਂ ਦੇ ਅਸੀਂ ਵੱਸਦੇ ਹਾਂ;
ਮਕੜੀ ਵਾਂਗ ਨ ਫਸਲ ਵੈਰਾਨ ਕਰਦੇ।
ਤੋਤਜਾਂ ਵਾਂਙ ਨ ਫਲਾਂ ਨੂੰ ਟੁੱਕਦੇ ਹਾਂ,
ਕਦੇ ਬਾਗ ਦਾ ਨਹੀਂ ਨੁਕਸਾਨ ਕਰਦੇ।
ਬੁਲਬੁਲ ਵਾਂਙ ਨਾ ਮੱਲਦੇ ਫੁੱਲ ਬਾਬੂ,
ਪਿੱਦੀ ਵਾਂਙ ਮਕਰੰਦ* ਨਾ ਹਾਨ ਕਰਦੇ।
ਖਾਣਹਾਰ ਨਾ ਅਸੀਂ ਹਾਂ ਪੰਛੀਆਂ ਦੇ,
ਕੁਛ ਆਦਮੀ ਦਾ ਨਹੀਂ ਜਾਣ ਕਰਦੇ।
ਜਿਹੜਾ ਤੁਸਾਂ ਦਾ ਧੁਰਾਂ ਦਾ 'ਸੱਪ' ਵੈਰੀ,
ਜਿਹੜਾ ਆਦਮੀ ਵੰਸ਼ ਕੁਹਾਂਵਦਾ ਹੈ।

---

*ਉਹ ਰਸ ਜੋ ਫੁੱਲਾਂ ਦੀ ਮਹੀਨ ਤੁਰੀ ਵਿਚ ਹੁੰਦਾ ਹੈ।

ਜੀਹਦੇ ਲੜੇ ਦਾ ਦਾਰੂ ਨ ਤੁਸਾਂ ਪੱਲੇ,
ਜਿਹੜਾ ਮਲਕੜੇ ਡੰਗ ਚਲਾਂਵਦਾ ਹੈ।

ਜਿਹੜਾ ਦੁੱਧ ਬੀ ਪੀਕੇ ਡੰਗ ਕਰਦਾ,
ਜਿਹੜਾ ਪਾਲਿਆਂ ਨਹੀਂ ਗਿਝਾਂਵਦਾ ਹੈ।

'ਵੈਰੀ' ਓਸਦਾ ਮੋਰ ਅਹਾਰ ਕਰਦਾ,
ਤੁਹਾਡੀਆਂ ਕੁਲਾਂ ਦਾ ਭਲਾ ਕਰਾਂਵਦਾ ਹੈ।

ਕੀੜੇ ਹੋਰ ਜਿਹੜੇ ਤੁਹਾਡਾ ਜਾਨ ਕਰਦੇ,
ਕਈ ਤਰ੍ਹਾਂ ਦਾ ਰੋਗ ਉਪਜਾਂਵਦੇ ਨੀਂ,

ਜਿਹੜੇ ਖੁਲ੍ਹੇ ਜੇ ਵਧਣ ਤਾਂ ਧਰਾ ਸਾਰੀ,
ਭੀੜ ਆਪਣੀ ਨਾਲ ਭਰਾਂਵਦੇ ਨੀਂ;

ਚੁਣ ਚੁਣ ਉਨ੍ਹਾਂ ਦੀ ਅਲਖ ਮੁਕਾਂਵਦਾ ਹਾਂ,
ਤੁਹਾਡੇ ਵੀਰ ਸਾਥੋਂ ਸੁਖ ਪਾਂਵਦੇ ਨੀਂ।

ਧਰਤੀ ਪਏ ਦਾਣੇ ਮੈਂ ਖਾਂਵਦਾ ਹਾਂ,
ਢੱਠੇ ਡਿੱਗੜੇ ਹੱਥ ਜੋ ਆਂਵਦੇ ਨੀਂ।

ਭਲਾ ਕਰੇ ਜੋ ਤੁਸਾਂ ਦਾ ਬਾਬੂਆ ਓਇ!
ਤੁਸੀਂ ਓਸਦਾ ਬੁਰਾ ਕਰਾਂਵਦੇ ਹੋ!

ਮੈਤ੍ਰੀ ਕਰਨ ਵਾਲੇ ਫੁੰਡ ਮਾਰਦੇ ਹੋ!
'ਘਾਤੀ-ਮਿੱਤ੍ਰ' ਬੀ ਤਦੇ ਸਦਾਂਵਦੇ ਹੋ।

ਸਾਡੇ ਨਾਲ ਜੋ ਬੁਰਾ ਕਮਾਂਵਦੇ ਹੋ,
ਬੁਰਾ ਆਪਣਾ ਆਪ ਕਮਾਂਵਦੇ ਹੋ।

ਨੇਕੀ ਨੇਕੀ ਦੀ ਕੂਕ ਹੋ ਦੇਣਹਾਰੇ,
ਬੁਰਾ ਬੁਰਾ ਪਰ ਸਦਾ ਕਰਾਂਵਦੇ ਹੋ।

ਜਰਾ ਵੇਖ ਖਾਂ ਬਾਬੂਆਂ ਵੱਲ ਆਪਣੇ,
ਕਿਤੋਂ ਹਬਸ਼ ਦਾ ਜੰਮਿਆਂ ਜਾਇਆਂ ਵੇ !

ਆਬਨੂਸ* ਦਾ ਯਾਰ ਤੂੰ ਕਿਤੋਂ ਆਇਓਂ
ਰਾਤ ਭਾਦਰੋਂ ਦੀ ਦਿਨੇ ਆਇਆਂ ਵੇ ?

ਸ਼ਾਹੀ ਵੇਚਣਾ ਹਿਕੇ ਕਮਾਮ ਤੇਰਾ,
ਖਾਨ ਕੋਲਿਆਂ ਤੋਂ ਨੱਸ ਆਇਆਂ ਵੇ ?

ਕਾਲਕ ਕਰਮਾਂ ਦੀ ਅੰਦਰੋਂ ਬਾਹਰ ਆਈ ?
ਹਿਕੇ ਨਰਕ ਤੋਂ ਅੱਖ ਚੁਰਾ ਆਇਆਂ ਵੇ !

ਪੁੱਠੇ ਤਵੇ ਤੇ ਧਰੋ ਜੇ ਨਵਾਂ ਆਲੂ
ਤਿਵੇਂ ਨੱਕ ਦੀ ਬਣਤ ਹੈ ਬਾਬੂਆ ਓਇ ।

ਜਿਵੇਂ ਕਾਲਚੇ† ਹੋਣ ਤੋਂ ਪਏ ਚਿੱਬੜ,
ਤਿਵੇਂ ਨੈਣਾਂ ਦੀ ਚੁਣਤ ਹੈ ਬਾਬੂਆ ਓਇ !

ਕਾਲੀ ਕੰਬਲੀ ਲੋਹੇ‡ ਦੀ ਹੋਇ ਖਾਧੀ
ਤਿਵੇਂ ਵਾਲਾਂ ਦੀ ਉਣਤ ਹੈ ਬਾਬੂਆ ਓਇ!

ਵੱਟਾ ਮਾਰ ਤਰਬੂਜ ਨੂੰ ਛੇਕ ਪਾਈਏ,
ਤੇਰੇ ਮੂੰਹ ਦੀ ਗਣਤ ਹੈ ਬਾਬੂਆ ਓਇ !

ਕਿਹੜੀ ਸ਼ਾਨ ਦਾ ਕਰੇਂ ਗੁਮਾਨ ਐਡਾ,
ਕਿਹੜੀ ਆਨ ਤੇ ਅੱਤ ਤੂੰ ਚਾਈਆ ਵੇ ?

---

*ਇਕ ਕਾਲੀ ਲਕੜੀ ।

†ਰੀਠੇ ਦੀ ਕਾਲੀ ਤੇ ਰਤਾ ਚਿਟੇਜ ਵਾਲੀ ਗਿਟਕ ।

‡ਉਨ ਨੂੰ ਖਾਣ ਵਾਲਾ ਕੀੜਾ ।

ਰੂਪ ਰੰਗ ਨਾ ਗੁਣਾਂ ਦੀ ਰਾਸ ਤੈਂ ਧਿਰ,
ਕਾਹਨੂੰ ਆਕੜੀ ਸ਼ਕਲ ਬਨਾਈਆ ਵੇ !
ਭਲੇ ਬੁਰੇ ਦੀ ਸੋਝੀ ਨ ਪਈ ਤੈਨੂੰ,
ਧਰਮੁ ਨਿਆਂ ਦੀ ਅਕਲ ਨ ਪਾਈਆ ਵੇ !
ਪਾਣੀ ਪਾਕੇ ਚੱਪਣੀ ਡੁੱਬ ਮਰ ਖਾਂ
ਮੰਦਾ ਕਰਦਿਆਂ ਸ਼ਰਮ ਨਾ ਆਈਆ ਵ !

ਬਾਬੂ :-

ਓ ਬੇਅਦਬ ਗੁਸਤਾਖ਼ ਬੇ ਦੀਦ ਪੰਛੀ !
ਬਕਬਕ ਸਾਹਿਬਾਂ ਸਾਮ੍ਹਣੇ ਲਾਈਆ ਓਇ !
ਖ਼ਾਜ ਆਦਮੀ ਦਾ ਤੁਸਾਂ ਰੱਬ ਕੀਤਾ,
ਹੋੜ ਆਦਮੀ ਨਾਲ ਕਿਉਂ ਚਾਈਆ ਓਇ!
ਬੋਲੇਂ ਸਾਹਮਣੇ ਰਤਾ ਨਾ ਡਰੇਂ ਨੀਚਾ !
ਕੈਂਚੀ ਜੀਭ ਕਿਉਂ ਸਾਨ ਚੜ੍ਹਾਈਆ ਓਇ!
ਮਰ ਚੱਲਿਆਂ ਹੈਂ ਹੋਰ ਕੀਹ ਮਾਰਾਂ,
ਨਹੀਂ ਦਿਆਂ ਫਾਂਸੀ ਮੁੱਲ ਪਾਈਆ ਓਇ !

ਮੋਰ:-

ਮਰ ਚਲਿਆਂ ਨੂੰ ਹੋਰ ਮਾਰਨਾ ਕੀ,
ਜਾਨ ਗਈ ਤਾਂ ਖੌਫ ਕੀ ਖਾਵੀਏ ਵੇ !
ਸੱਚ ਬੋਲਣੋਂ ਕਦੇ ਨਾ ਸੰਗੀਏ ਵੇ,
ਭਾਵੇਂ ਜਿੰਦ ਤੇ ਹੀ ਖੇਡ ਜਾਵੀਏ ਵੇ !
ਪੱਲੇ ਤੁਸਾਂ ਇਨਸਾਫ਼ ਦੀ ਰਿਜ਼ਮ ਨਾਹੀਂ,
ਜ਼ੋਰ ਜ਼ੁਲਮ ਨਾ ਹੱਕ ਬਨਾਵੀਏ ਵੇ !

ਜੇ ਇਨਸਾਫ਼ ਤਾਂ ਆਦਮੀ ਆਦਮੀ ਹੈ,
ਨਹੀਂ ਤੇ ਆਦਮੀ ਕਿਉਂ ਕਹਾਵੀਏ ਵੇ ?

ਹੋਵੇ ਪਜਾਰ ਦੀ ਰਾਸ ਨਾ ਜਿਹਦੇ ਪੱਲੇ,
ਉਹ 'ਸੱਪ' ਹੈ ਆਦਮੀ ਨਹੀਂ ਲੋਕੋ !

ਜੋ ਇਨਸਾਫ਼ ਤੇ ਨਹੀਂ ਖਲੋ ਸਕਦਾ,
'ਬਿੱਛੂ' ਜਾਣ ਲੈਣਾ ਉਸਨੂੰ ਸਹੀ ਲੋਕੋ !

ਦਇਆ ਉਪਜਦੀ ਕਦੇ ਨਾ ਜਿਹਦੇ ਅੰਦਰ
ਓਹਨੂੰ ਬ ਣ 'ਕਸਾਈ' ਦੀ ਪਈ ਲੋਕੋ !

ਕੋਹੇ ਸੁੰਦਰਤਾ, ਕਰੇ ਨ ਕਦਰ ਇਸਦੀ,
ਆਦਮੀਅਤ ਨਾ ਓਸ ਵਿਚ ਰਹੀ, ਲੋਕੋ !

ਖਾਜ ਆਦਮੀ ਦਾ ਸਾਨੂੰ ਦੱਸ ਕੇ ਤੂੰ,
ਸਿਰਜਣਹਾਰ ਨੂੰ ਦੋਸ਼ ਕਿਉਂ ਲਾਇਆਈ?

ਸੋਹਣੇ ਰੱਬ ਨੇ ਸੁਹਣਾ ਏ ਬਾਗ਼ ਲਾਇਆ,
ਨਾਲ ਸੁਹਣਿਆ ਏਹ ਵਸਾਇਆ ਈ।

ਹੁੱਬ ਪਜਾਰ ਦੀ ਓਸ ਹਵਾ ਘੋਲੀ,
ਨਾਤਾ ਪ੍ਰੇਮ ਦਾ ਓਸ ਬਨਾਇਆ ਈ।

ਰਾਗ ਰੰਗ ਤੇ ਮੌਜ ਬਹਾਰ ਸਾਜੀ,
ਐਪਰ ਤੁਸਾਂ ਨੇ ਸਭ ਵੰਞਾਇਆ ਈ।

ਸਿਰਜਣਹਾਰ ਹੈ ਸੁੰਦਰਤਾ ਆਪ ਸਾਰੀ,
ਜਿਸਨੂੰ ਸੁੰਦਰ ਹੀ ਸੁੰਦਰ ਸਿਆਣੀਏਂ ਜੀ !

ਜਿਥੇ ਸੁੰਦਰਤਾ ਆਨ ਪ੍ਰਕਾਸ਼ ਪਾਵੇ,
ਓਥੇ 'ਰੱਬ-ਪਰਕਾਸ਼' ਪਛਾਣੀਏਂ ਜੀ !

ਸੁਹਣੇ ਕਾਦਰ ਨੇ ਸੁਹਣੀ ਹੈ ਰਚੀ ਕੁਦਰਤ;
ਕੁਦਰਤ ਵਿੱਚ ਇਹ ਸੁਹਜ ਪਛਾਣੀਏਂ ਜੀ!

ਵੱਸੇ ਸੁੰਦਰਤਾ ਦਾ ਸਾਰੇ ਮੀਂਹ ਇੱਥੇ
ਦੀਦੇ ਖੋਲ੍ਹ ਇਸ ਛਹਿਬਰ ਨੂੰ ਮਾਣੀਏਂ ਜੀ!

ਰੱਬ ਰੁੱਠ ਨਾ ਕਿਸੇ ਅਸਮਾਨ ਚੜ੍ਹਿਆ,
ਹੋ ਗੁਮਰੁੱਠ ਨਾ ਕਿਸੇ ਹੈ ਗੁੱਠ ਵੜਿਆ,

ਕੁਦਰਤ ਸਾਜਕੇ ਕੁਦਰਤ ਦੇ ਵਿੱਚ ਵਸਦਾ,
ਸਦਾ ਚਮਕਦੀ ਜਿੱਕੁਰਾਂ ਚੰਦ ਚੜ੍ਹਿਆ,

ਹਰ ਫੁੱਲ ਹਰ ਪੱਤੇ, ਹਰ ਫਲੀ ਉਤੇ,
ਨਕਸ਼ ਓਸ ਦਾ ਮੋਤੀਆਂ ਵਾਂਗ ਜੜਿਆ।

ਏਸ *'ਦਿਸਦੇ' 'ਵੱਸਦੇ' ਵਿੱਚ ਸੁਹਣਾ†
ਆਪ ਵੱਸਦਾ ਜਿਨ੍ਹੇ ਸੰਸਾਰ ਘੜਿਆ।

ਹੈ ਸੁੰਦਰਤਾ, ਰਚੀ ਵਿਚ‡ ਰਚਨ-ਹਾਰਾ,
ਦਿੱਸ ਰਿਹਾ ਜੇ ਜ਼ਾਹਿਰਾ ਅੱਖ ਖੋਲ੍ਹੋ।

ਰਤਨਾਂ, ਤਾਰਿਆਂ, ਸੂਰਜਾਂ, ਫੁੱਲ, ਪੱਤਾਂ
ਵਿੱਚੋਂ ਝਾਤੀਆਂ ਮਾਰਦਾ ਕੋਲ ਕੋਲੇ।

---

*ਇਹ ਸੰਸਾਰ ਜੋ ਅੱਖਾਂ ਨਾਲ ਦਿੱਸਦਾ ਤੇ ਸ੍ਰਿਸ਼ਟੀ ਨਾਲ ਭਰਿਆ ਵੱਸ ਰਿਹਾ ਹੈ। †ਭਾਵ ਰੱਬ।

‡ਇਸ ਰਚੀ ਹੋਈ ਦੁਨੀਆਂ ਵਿਚ।


www.sikhbookclub.com

ਲਾਕੇ ਹੱਟ 'ਦੀਦਾਰ-ਵਪਾਰ' ਦੀ ਓ,
ਹਾਜ਼ਰ 'ਦਿੱਸਦਾ, ਹੋਰਥੇ ਨਹੀਂ ਟੋਲੋ।

ਐਪਰ ਕੁਚਲਕੇ ਸੁੰਦਰਤਾ ਰੱਬ ਟੋਲੋ,
ਤੁਸੀਂ ਝੂਠ ਬੋਲੋ, ਤੁਸੀਂ ਕੁਫਰ ਤੋਲੋ।

ਮੁੱਠ ਮਾਸ ਬਦਲੇ ਮੈਨੂੰ ਮਾਰਿਆ ਈ,
ਪੰਡ ਸੁੰਦਰਤਾ ਦੀ ਕੁੱਠ ਸੁੱਟੀਆ ਓਇ!

ਸ਼ੀਸ਼ਾ 'ਰੱਬ-ਦੀਦਾਰ' ਦਾ ਚੂਰ ਕੀਤਾ,
ਹੱਟ 'ਰੱਬ-ਵਪਾਰ' ਦੀ ਲੁੱਟੀਆ ਓਇ!

ਬਾਗ਼ ਕੁਦਰਤ ਦਾ ਆ ਵਰਾਨ ਕੀਤੇ,
ਖਿੜਨ ਖਿੜੇ ਜਮਾਲ* ਦੀ ਲੁੱਟੀਆ ਓਇ!

ਖਿਰਨ ਸਾਰੰਗ† ਦੀ ਬੰਦ ਹੋ ਚਲੀ ਬਾਬੂ!
ਗਿੱਚੀ ਰਾਗ ਦੀ ਆਣਕੇ ਘੁੱਟੀਆ ਓਇ!

ਜਿਹੜੀ ਚੀਜ਼ ਬਨਾ ਨਾ ਹੰਗੀਏ ਓਇ,
ਕਦੇ ਓਸਨੂੰ ਤੋੜ ਗਵਾਈਏ ਨਾ।

ਜਿਹਦੇ ਘੜਨ ਦੀ ਸ਼ਕਤਿ ਨਾ ਹੋਇ ਪੱਲੈ,
ਕਦੇ ਓਸਨੂੰ ਭੰਨ ਵੰਞਾਵੀਏ ਨਾ।

ਪਾ ਸੱਕੀਏ ਆਪ ਜੇ ਜਿੰਦ ਨਾਹੀਂ.
ਸੁਹਣੀ ਜਿੰਦੜੀ ਕੱਢ ਮੁਕਾਵੀਏ ਨਾ।

---

*ਸੁੰਦਰਤਾ। †ਸਾਰੰਗ ਰਾਗ, ਮੋਰ ਆਪਣੀ ਸੁਰ ਨੂੰ ਏਥੇ ਸਾਰੰਗ ਰਾਗ ਦੀ ਆਖਦਾ ਹੈ ਤੇ ਸਾਰੰਗ ਮੋਰ ਦਾ ਬੀ ਨਾਮ ਹੈ।

ਮੋਰ ਮਾਰਨੇ ਸਹਿਜ ਅਨਾੜੀਆ ਓਇ,
ਐਪਰ ਆਪ ਬਨਾ ਸਕ੍ਰਾਵੀਏ ਨਾ।
ਜੂਹ ਪਿੰਡ ਦੀ ਅੱਜ ਹੈ ਹੋਈ ਸੁੰਞੀ,
'ਬਿਨਾ-ਮੁੱਲ-ਰਾਗੀ' ਟੁਰ ਚੱਲਿਆ ਜੇ!
ਨਾਲੇ ਪੈਲਾਂ ਅਮੁੱਲ ਦਿਖਾਣ ਵਾਲਾ,
ਨਟ* ਰੱਬ ਵਾਲਾ ਮੌਤ ਸੱਲਿਆ ਜੇ।
ਰੂਪ ਰੰਗ ਤੇ ਫਬਨ ਅਨੂਪ ਵਾਲਾ,
ਸੁਹਣਾ ਛੈਲ ਬਾਂਕਾ ਕਾਲ ਛੱਲਿਆ ਜੇ।
ਖੁਸ਼ੀ ਕਰਨ ਵਾਲਾ, ਸੁਖ ਦੇਣ ਵਾਲਾ,
ਪਾਪੀ ਹੱਥ ਨੇ ਭੂਏਂ ਪਥੱਲਿਆ ਜੇ।
ਰੱਖ ਬਾਬੂਆ! ਅਸਾਂ ਮੜੋਲੜੀ ਹੁਣ,
ਨੱਸ ਜਾਹ ਜੇ ਭਲਾ ਦਰਕਾਰ ਤੈਨੂੰ,
ਮੁੱਠ ਮਾਸ ਦਾ ਢਿੱਡ ਨੂੰ ਦੇ ਝੁਲਕਾ,
ਬਾਕੀ ਕਰੀਂ ਨਾ ਹੋਰ ਖੁਆਰ ਮੈਨੂੰ।
ਖੰਭਾਂ ਮੇਰਿਆਂ ਵਿਚ ਹੈ ਨੀਂਦ ਰਹਿੰਦੀ,
ਕੱਠਜਾਂ ਕਰੀਂ ਸੰਭਾਲ ਸੁਆਰ ਮੈਨੂੰ।
ਭੇਜੀਂ ਪਾਸ ਗੁਸਾਈਂ ਦੇ ਖੰਭ ਮੇਰੇ,
ਓਹਨੂੰ ਸਾਰ ਹੈ ਨਹੀਂ ਹੈ ਸਾਰ ਤੈਨੂੰ!
ਕਈ ਬਾਰ ਬੀਮਾਰ ਉਨੀਂਦਰੇ ਦੇ,
ਮਾਵਾਂ ਓਸਦੇ ਪਾਸ ਲਿਆਣ ਭਾਈ।

*ਨਿਰਤਕਾਰੀ ਨੂੰ ਜੋ ਜਾਣਦਾ ਹੋਵੇ।

ਕਰੇ ਚੌਰ ਓ ਮੋਰਛਲ ਮੈਂਡੜੇ ਦਾ
ਬੱਚੇ ਨਾਲ ਅਰਾਮ ਸੈਂ ਜਾਣ ਭਾਈ !

ਅੰਨ ਪਾਣੀ ਹੈ ਪਿੰਡ ਦਾ ਅਸਾਂ ਖਾਧਾ,
ਦੇਹ ਪਿੰਡ ਦੀ ਰਾਸ ਸਿਆਣ, ਭਾਈ !

ਜੇਕਰ ਮਰ ਗਿਆਂ ਭੀ ਸੇਵਾ ਰਹੇ ਜਾਰੀ,
ਸਫਲ ਦੇਹ ਸਾਡੀ ਹੋਇ ਜਾਣ ਭਾਈ !

ਪਿੰਡ ਭੇਜ ਨਾ ਸਕੇਂ ਤਾਂ ਖੰਭ ਮੇਰੇ,
ਧਰਮਸਾਲ ਦੇ ਵਿਚ ਪਹੁੰਚਾ ਦੇਵੀਂ ।

ਚੌਰ ਬਨਾਂਗੇ, ਕਰਾਂਗੇ ਸੇਵ ਉਥੇ,
ਥਾਉਂ ਪਏਗੀ ਮੋਏ ਦੀ ਸੇਵ ਇਹ ਵੀ ।

ਜੇਕਰ ਸਰੇ ਨਾ ਤੁੱਧ ਤੋਂ ਕੁਝ, ਵੇਚੀਂ,
ਪੱਖੇ ਵਾਲੜੇ ਤੋਂ ਪੈਸੇ ਵੱਟ ਲੇਵੀਂ ।

ਪੱਖੇ ਬਣਾਂਗੇ ਸੁਹਣਿਆਂ ਹੱਥ ਜਾ ਕੇ,
ਤਪਤ ਮੇਟੀਏ ਰੁਤ ਹੁਨਾਲ ਛੇਵੀਂ ।

ਕਰੀਂ ਅੰਤ ਦੀ ਸਾਡੜੀ ਆਸ ਪੂਰੀ,
ਹੁਣ ਨੱਸ ਜੇ ਭਲਾ ਤਕਾਵਣਾ ਹੈ ।

ਜੇਕਰ ਪਿੰਡ ਨੂੰ ਖ਼ਬਰ ਹੋ ਗਈ ਬਾਬੂ !
ਡਾਂਗਾਂ ਚੁੱਕ ਕੇ ਸਭ ਨੇ ਆਵਣਾ ਹੈ ।

ਵਾਂਙ ਮੁੰਞ ਦੇ ਤੁਧ ਨੂੰ ਕੁੱਟਣੀਂਗੇ,
ਭੱਜਿਆਂ ਰਾਹ ਨਾ ਤੁਧ ਹੱਥ ਆਵਣਾ ਹੈ ।

ਬੁਰਾ ਕੀਤਾ ਹੈ ਅਸਾਂ ਦੇ ਨਾਲ ਤੂੰ ਤਾਂ,
ਐਪਰ ਅਸਾਂ ਨੇ ਭਲਾ ਕਰਾਵਣਾ ਹੈ।

ਐਉਂ ਆਖਕੇ ਮੋਰ ਨੇ ਧੌਣ ਸੱਟੀ,
ਸਾਵੇ ਘਾਹ ਤੇ ਪਿਆ ਸਥਾਰ ਲੋਕੋ !

ਡੁੰਬੀ ਪਈ ਜੋ ਸੁੰਦਰਤਾ ਧਰਾ ਉੱਤੇ,
ਬੋਲਣਹਾਰ ਹੋ ਗਿਆ ਉਡਾਰ ਲੋਕੋ !

ਜਿਹੜੀ ਦੇਹ ਦਾ ਮਾਣ ਸੀ ਮੋਰ ਕਰਦਾ,
ਗਿਆ ਕੱਪੜੇ ਵਾਂਗ ਉਤਾਰ ਲੋਕੋ !

ਸਮਾਂ ਅੰਤ ਦਾ ਅੰਤਿ ਇਹ ਆਂਵਦਾ ਹੈ,
ਜੀਵੇ ਜੁਗ ਭਾਵੇਂ ਕੋਈ ਚਾਰ ਲੋਕੋ !

ਕਿਤੋਂ ਗਹਿਲੜੀ ਮੋਰਨੀ ਰੰਗ ਰੱਤੀ,
ਲਾੜਾ ਭਾਲਦੀ ਭਾਲਦੀ ਆਈ ਲਾੜੀ।

ਲੰਮੇ ਪਏ ਨੂੰ ਆਣ ਕੇ ਘੂਰਦੀ ਹੈ,
ਚੁੰਝ ਨਾਲ ਹਿਲਾਂਵਦੀ, ਜਾਇ ਵਾਰੀ !

ਜਦੋਂ ਹਿੱਲਿਆ ਬੋਲਿਆ ਚੱਲਿਆ ਨਾ,
ਦਿਲ ਟੁੱਟਿਆ, ਜ਼ੋਰ ਦੀ ਚੀਕ ਮਾਰੀ।

ਰੋਂਦੀ ਕੂਕਦੀ ਦੀ ਸੱਦ ਪਿੰਡ ਪਹੁੰਚੀ,
ਪਿੰਡੋਂ ਵਾਹਰ* ਆਈ ਮੋਢੇ ਡਾਂਗ ਧਾਰੀ।

---

*ਬਹੁਤ ਸਾਰੀ ਭੀੜ ਜੋ ਮਦਦ ਨੂੰ ਅੱਪੜੇ।

ਪੈਰ ਰਖ ਸਿਰ ਤੇ ਬਾਬੂ ਉੱਠ ਨੱਠਾ,
ਵਾਹੋ ਦਾਹ ਦੌੜੇ ਇਕੋ ਸਾਹ ਭੱਜੇ।

ਕਿਤੇ ਲਗੇ ਠੁੱਡਾ, ਕਿਤੇ ਪੈਰ ਤਿਲਕੇ,
ਕਿਤੇ ਪੈਰ ਨੂੰ ਵਾਹਣ ਦਾ ਡਿੱਲ ਵੱਜੇ।

ਔਖੀ ਹੋਈ ਬੰਦੂਕ ਸੰਭਾਲਣੀ ਵੀ,
ਛੇਕੜ ਸੱਟ ਕੇ ਨੱਸਿਆ ਲਾਂਭ ਸੱਜੇ।

ਘਣੇ ਜੰਗਲ ਦੀ ਆੜ ਵਿਚ ਲੋਪ ਹੋਇਆ,
ਕਾਲੀ ਦੇਹ ਨੂੰ ਸਾਵਿਆਂ ਨਾਲ ਕੱਜੇ।

ਰਿਹਾ ਰਾਤ ਤਾਈਂ ਲੁਕਿਆ ਓਸ ਥਾਂ ਤੇ,
ਜਦੋਂ ਪੱਛਮੋਂ ਕਾਲੋਂ ਦੀ ਫੌਜ *ਆਈ

ਓਸ ਕਾਲੋਂ ਦੇ ਵਿਚ ਅਭਿਸਾਰ‡ ਹੋਇਆ,
ਭੁੱਖੀ ਦੇਹ ਲੈ ਘਰਾਂ ਨੂੰ ਕਰੇ ਧਾਈ।

ਮਾਸ-ਤਰਸਦੇ ਟੱਬਰ ਨੂੰ ਦੱਸਿਆ ਸੂ,
ਕਿਵੇਂ ਮੁਸ਼ਕਲੋਂ ਖਹਿੜਾ ਛੁੱਟਿਆ ਈ।

ਅੱਗੋਂ ਕੰਨ ਤੇ ਹੱਥ ਧਰ ਕਰੇ ਤੋਬਾ,
ਕਦੇ ਮੋਰ ਸ਼ਿਕਾਰ ਨਾ ਜਾਵਣਾ ਈ।

———

*ਹਨੇਰਾ।

‡ਕਾਲੀ ਰਾਤ ਵਿਚ ਕਾਲੇ ਰੰਗ ਤੇ ਕਾਲੇ ਕਪੜੀਂ ਟੁਰਨਾ 'ਅਭਿਸਾਰ' ਹੈ, ਜਿਸ ਨੂੰ 'ਕ੍ਰਿਸ਼ਨਾ ਅਭਿਸਾਰ' ਕਹਿੰਦੇ ਹਨ।

# ੭. ਫੁੰਡਿਆ ਤੋਤਾ

 www.sikhbookclub.com

# ਤੋਤਾ

ਤੋਤਾ ਏਸ਼ੀਆ ਤੇ ਅਫਰੀਕਾ ਦਾ ਵਾਸੀ ਹੈ, ਭਾਵੇਂ ਅਮ੍ਰੀਕਾ ਆਦਿ ਥਾਈਂ ਬੀ ਮਿਲਦਾ ਹੈ। ਆਪਣੀ ਖ਼ੂਬਸੂਰਤੀ ਤੇ ਆਦਮੀ ਦੀਆਂ ਗਲਾਂ ਦੀ ਨਕਲ ਕਰਨ ਕਰਕੇ ਮੁੱਦਤਾਂ ਤੋਂ ਆਦਮੀ ਦਾ ਪਜ਼ਾਰਾ ਰਿਹਾ ਹੈ। ਯੂਰਪ ਵਿਚ ਪਹਿਲਾਂ ਇਸ ਦੀ ਸੋਝੀ ਨਹੀਂ ਸੀ, ਰੋਮ ਵਿਚ ਜਦ ਸੋਝੀ ਹੋਈ ਤਾਂ ਚਾਂਦੀ ਦੀਆਂ ਸੀਖਾਂ ਦੇ ਪਿੰਜਰਿਆਂ ਵਿਚ ਰੱਖਕੇ ਪਾਲਦੇ ਰਹੇ ਹਨ। ਰੋਮਨ ਲੋਕ ਖਾਂਦੇ ਬੀ ਰਹੇ ਹਨ, ਸਗੋਂ ਇਕ ਪਾਤਸ਼ਾਹ ਤਾਂ ਆਪਣੇ ਸ਼ੇਰਾਂ ਨੂੰ ਇਨ੍ਹਾਂ ਨਾਲ ਹੀ ਪਾਲਦਾ ਰਿਹਾ ਹੈ।

ਇਸ ਵੇਲੇ ਇਸ ਦੀਆਂ ਬੜੀਆਂ ਕਿਸਮਾਂ ਦਾ ਪਤਾ ਲੱਗ ਚੁਕਾ ਹੈ ਤੇ ਦੂਰ ਦੂਰ ਦੇਸ਼ਾਂ ਤੋਂ ਲਿਆ ਕੇ ਪਾਲਦੇ ਹਨ। ਹਿੰਦੁਸਤਾਨ ਦਾ ਇਹ ਅਤੀ ਪੁਰਾਣਾ ਵਾਸੀ ਹੈ, ਬਲਕੇ ਯੂਰਪ ਵਿਚ ਇਥੋਂ ਗਿਆ ਜਾਪਦਾ ਹੈ। ਪਿੱਛੇ ਜਿਹੇ ਪੰਜਾਬ ਵਿਚ ਏਹ ਮੁੱਕਣ ਲੱਗ ਪਏ ਸਨ, ਇਨ੍ਹਾਂ ਦੇ ਖੰਭ ਯੂਰਪ ਅਤੇ ਅਮ੍ਰੀਕਾ ਵਿਚ ਵਿਕਦੇ ਸਨ, ਪਰ ਹੁਣ ਓਥੇ ਰੋਕ ਹੋ ਜਾਣ ਕਰਕੇ ਫੇਰ ਇਥੇ ਵਧ ਪਏ ਹਨ। ਤੋਤੇ ਬਾਗਾਂ ਦੇ ਫਲਾਂ ਨੂੰ ਖ਼ੂਬ ਖਾਂਦੇ ਹਨ, ਇਸ ਕਰਕੇ ਮਾਲੀ ਇਨ੍ਹਾਂ ਦਾ ਵੱਡਾ ਵੈਰੀ ਹੈ ਤੇ ਗੁਲੇਲਾਂ ਨਾਲ ਮਾਰਦਾ ਹੈ। ਅਗਲੇ ਸਫਿਆਂ ਵਿਚ ਇਕ ਐਸੇ ਢੂੰਡੇ ਤੋਤੇ ਦਾ ਅੰਤ ਸਮਾਂ ਅੰਕਿਤ ਹੈ।

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਫੁੰਡਿਆ ਤੋਤਾ

ਇਕ ਫੁਲਾਂ ਦੇ ਬਾਗ਼ ਵਿਚ ਮਾਲੀ ਦੀ ਗੁਲੇਲ ਨਾਲ
ਮਰਨਾਊ ਸੱਟ ਨਾਲ ਫੁੰਡਿਆ ਤੋਤਾ ਆਪਣੇ ਵੱਲ
ਤੱਕ ਰਹੇ ਮਾਲੀ ਨੂੰ ਆਪਣੀ ਤਰਸ-ਯੋਗ
ਅੱਖਾਂ ਨਾਲ ਮਾਨੋਂ ਆਪਣੇ ਆਖ਼ਰੀ ਦਿਲ-
ਤਰੰਗ ਕਹਿ ਰਿਹਾ ਹੈ :–

ਤੋਤਾ :-

ਚਿੱਲੇ ਚਾੜ੍ਹ ਗੁਲੇਲ ਜੇ ਮਾਰਨੀ ਸੀ
ਕਾਹਨੂੰ ਬਾਗ਼ਬਾਨਾ ਬਾਗ਼ ਲਾਵਣਾ ਸੀ ?

ਖਿੜੇ ਖੋਸ਼ਿਆਂ ਤੇ ਪੱਕੇ ਮੇਵਿਆਂ ਤੇ
ਅਰਸ਼ੋਂ ਪੰਛੀਆਂ ਉੱਡਕੇ ਆਵਣਾ ਸੀ।

ਰੱਬੀ ਨਿਆਮਤਾਂ ਵੇਖ ਪਕੰਦੀਆਂ ਨੂੰ
ਲੋੜਵੰਦਾਂ ਨੇ ਲੈਣ ਨੂੰ ਧਾਵਣਾ ਸੀ ?

ਚਾਉ ਭਰੇ ਘਰ ਆਇਆ ਨੂੰ ਮਾਰਨਾ ਸੀ,
ਹਿਕੇ ਮਾਰ ਗੁਲੇਲ ਪਟਕਾਵਣਾ ਸੀ ?

ਬਾਗ਼ਬਾਨ:–

ਤੁਸਾਂ ਲਈ ਨਾ ਅਸਾਂ ਨੇ ਬਾਗ਼ ਲਾਇਆ
ਨਿਉਤਾ ਘੱਲ ਨਾ ਤੁਸਾਂ ਅਨਵਾਇਆ ਸੀ।

ਹੋ ਹੋ ਕਰਨ ਖੜਤੇ ਦਿਨੇ ਰਾਤ ਰਾਖੇ

ਤੁਸਾਂ ਗਥਰ ਨ ਕੁੱਝ ਵੀ ਲਜਾਇਆ ਸੀ।
ਏਸ ਵਾਸਤੇ ਲਗੀ ਗੁਲੇਲ ਗਿੱਟੇ
ਭੁੰਦੇ ਤੁਸਾਂ ਨੂੰ ਜਿਨ੍ਹੇ ਪਟਕਾਇਆ ਸੀ।
ਪਾਵੇਂ ਕੀਤੇ ਦਾ ਅਜਰ ਤੂੰ ਤੋਤਿਆ ਵੇ!
ਦੋਸ਼ ਅਸਾਂ ਨੂੰ ਕਾਸ ਨੂੰ ਲਾਇਆ ਸੀ।

ਤੋਤਾ :—

ਕੋਈ ਟੋਪ ਸਿਰਟੋਪ ਬਣਾਵਣਾ ਸੀ
ਉੱਤੇ ਬਾਗ਼ ਦੇ ਓਹ ਤਣਾਵਣਾਂ ਸੀ।
ਕਰਨਾ ਬੰਦ ਸੀ ਰਾਹ ਇਉਂ ਪੰਛੀਆਂ ਦਾ,
ਫੇਰ ਕਿਵੇ ਬੀ ਅਸਾਂ ਨ ਆਵਣਾ ਸੀ।
ਮੂਰਖ ਪੰਛੀਆਂ ਨੂੰ ਕਿਵੇਂ ਸਮਝ ਆਵੇ?
ਰਸਤਾ ਉਪਰੋਂ ਬੰਦ ਕਰਵਾਵਣਾ ਸੀ।
ਖੁਲ੍ਹੇ ਦੇਖ ਰਸਤੇ, ਮੇਵੇ ਝੂਮ ਡਾਲਾਂ
ਕਿਨ੍ਹੇ ਪੰਛੀਆਂ ਫੇਰ ਅਟਕਾਵਣਾ ਸੀ?
ਲੱਦਿਆ ਫਲਾਂ ਦੇ ਨਾਲ ਹੈ ਬਾਗ਼ ਸਾਰਾ।
ਸਾਰਾ ਆਪ ਖਾਸੇਂ ਦੱਸ ਬਾਗ਼ਬਾਨਾ?
ਇਕ ਜਣੇ ਦਾ ਨਹੀਂ ਏ ਖਾਜ ਦਿਸਦਾ
ਐਵੇਂ ਤ੍ਰਕਸੀ ਪਿਆ ਰਸ, ਬਾਗ਼ਬਾਨਾ?
ਜੀਅ ਜੰਤੂਆਂ ਨੂੰ ਖਾਣ ਦੇਹ ਖੁੱਲ੍ਹਾ,
ਬਦਲ ਵਾਂਗ ਦਾਤਾ ਵੱਸ, ਬਾਗ਼ਬਾਨਾ!
ਹੁੰਦੇ ਸੁੰਦਿਆਂ ਤੰਗੀਆਂ ਦੱਸ ਨਾਹੀਂ
ਦਿੱਤੇ ਦਾਨ ਹੁੰਦਾ ਜੱਸ ਬਾਗ਼ਬਾਨਾ!

ਬਾਗਬਾਨ:-

ਮੂਰਖ ਪੰਛੀਆ ! ਕੁਝ ਨਾ ਖ਼ਬਰ ਤੈਨੂੰ
ਬਾਗ ਆਦਮੀ ਵਾਸਤੇ ਲਾਂਵਦੇ ਹਾਂ।
ਫਲ ਪੱਕਦੇ ਤੋੜ ਕੇ ਘੱਲਦੇ ਹਾਂ
ਮੰਡੀ ਸ਼ਹਿਰ ਦੇ ਵਿਚ ਪੁਚਾਂਵਦੇ ਹਾਂ।
ਮੁੱਲ ਦੇਣ ਤੇ ਲੋਕ ਲੈ ਜਾਣ ਓਥੋਂ
ਅਸੀਂ ਥੱਕ ਕੇ ਟਕੇ ਕਮਾਂਵਦੇ ਹਾਂ।
ਖ਼ਾਤਰ ਆਪਣੀ ਤੇ ਇਕ ਆਪਣੀ ਹੀ
ਸੁਣ ਤੋਤਿਆ ! ਬਾਗ ਲਗਾਂਵਦੇ ਹਾਂ।
ਤੇਰਾ ਹੱਕ ਨਾ ਕੁੱਛ ਹੈ ਏਸ ਥਾਂ ਤੇ,
ਤੇਰਾ ਆਵਣਾ ਚੋਰ ਦਾ ਆਵਣਾ ਹੈ।
ਲੰਗਰ ਨਹੀਂ ਹੈ ਏਸ ਤਾਂ ਲੱਗਿਆ ਓਇ,
ਨਹੀਂ ਛੱਤ੍ਰ ਜੋ ਵੰਡ ਵੰਡਾਵਣਾ ਹੈ।
ਸਾਡਾ ਬਾਗ ਹੈ, ਹੋਰ ਦਾ ਆਨ ਏਥੇ
ਹੱਥ ਲਾਵਣਾ, ਹੱਥ ਵਢਾਵਣਾ ਹੈ।
ਹੱਕ ਆਪਣਾ ਤੱਕ ਪਛਾਣ ਤੋਤੇ !
ਐਵੇਂ ਬੋਲਣਾ ਪਾਪ ਕਮਾਵਣਾ ਹੈ।

ਤੋਤਾ:-

ਮਾਲਕ ਰੱਬ ਨੇ ਜ਼ਿਮੀਂ ਏ ਰਚੀ ਸਾਰੀ
ਸੱਤਜਾ ਘੱਤ ਹਰਜਾਵਲਿ ਉਗਾਵਨੇ ਦੀ।
ਦਿੱਤੀ ਸੱਤਿਆ ਏਸ ਹਰਿਆਵਲੀ ਨੂੰ
ਕੰਦ ਮੂਲ ਤੇ ਮੇਵਿਆਂ ਲਾਵਨੇ ਦੀ।

ਜੀਵ ਜੰਤੂ ਉਪਇ ਇਸ ਧਰਤਿ ਉਤੇ
ਦਿੱਤੀ ਖੁਲ੍ਹ ਫਲ ਮੂਲ ਦੇ ਖਾਵਨੇ ਦੀ।
ਕਾਣੀ ਵੰਡ ਕਿਉਂ ਵੰਡਣੈਂ ਬਾਗਬਾਨਾਂ!
ਝੂਠੇ ਹੱਕ ਹਕੂਕ ਜਮਾਵਨੇ ਦੀ?

ਬਾਗਬਾਨ:-

ਮੂਰਖ ਪੰਛੀਆ ! ਤੁੱਧ ਨੂੰ ਸਾਰ ਨਾਹੀ,
ਤੈਨੂੰ ਅਕਲ ਨਾ ਮਿਲੀ ਸਰਕਾਰ ਕੋਲੋਂ।
ਹੈ ਸਰਦਾਰ ਇਸ ਧਰਾ ਦਾ ਆਦਮੀ ਏ
ਵੱਡਾ ਬਣਨਾ ਹੈਂ ਤੂੰ ਸਰਦਾਰ ਕੋਲੋਂ।
ਤੂੰ ਕੀ ਹੱਕ ਹਕੂਕ ਨੂੰ ਸਮਝ ਸਕੇਂ?
ਸਮਝ ਮੰਗ ਤੂੰ ਓਸ ਕਰਤਾਰ ਕੋਲੋਂ।
ਨਹੀਂ ਝੱਲ ਜੋ ਬਣੀ ਹੈ ਸਿਰੇ ਤੇਰੇ,
ਹਾਂ, ਬਣੀ ਹੈ ਜਗਤ ਸਰਦਾਰ ਕੋਲੋਂ।

ਤੋਤਾ:-

ਭਲਾ ਰੱਬ ਦਾ ਹੋਇ ਓ ਬਾਗਬਾਨਾਂ!
ਐਸੀ ਅਕਲ ਨਾ ਅਸਾਂ ਨੂੰ ਜਿਨ੍ਹੇ ਪਾਈ।
ਜੇੜ੍ਹੀ ਅਕਲ ਦਾ ਮੂਲ ਹੈ 'ਵਿਤਕਰਾ' ਓਇ,
ਵੰਡ ਵੰਡ ਕੇ ਖੰਡ ਜੋ ਕਰੇ ਰਾਈ।
ਜੇੜ੍ਹੀ ਪਜਾਰ ਤੇ ਏਕਤਾ ਕੱਟ ਸੱਟੇ
'ਜੁਦਾ ਜੁਦਾ' ਦੀ ਜਾਂਵਦੀ ਲੀਕ ਲਾਈ।
'ਮੇਰੀ ਮੇਰੀ' ਦੀ ਬੰਨ੍ਹ ਤੇ ਹੱਦ ਪਾਵੇ
ਤ੍ਰੁੜ ਤ੍ਰੋੜ ਕਰਦੀ ਤੁਰਦੀ ਛੁਰੀ ਜਾਈ।

ਕਾਇਨਾਤ ਦਾ ਬਣੇਂ ਸਰਦਾਰ ਜੇ ਤੂੰ
ਤੇਰੇ ਵਿਚ ਨਾ ਵਿਤਕਰਾ ਲੋੜੀਏ ਜੀ !
ਤੇਰੇ ਵਿੱਚ ਪਿਆਰ ਅਪਾਰ ਚਾਹੀਏ
ਨਾਲ ਪਜਾਰ ਦੇ ਜਗਤ ਨੂੰ ਜੋੜੀਏ ਜੀ !
ਸਾਂਝੀਵਾਲ ਸਰਕਾਰ ਦੇ ਪੁੱਤ ਸਾਰੇ
ਪਾ ਵਿਤਕਰੇ ਵੀਰ ਨ ਵਿਛੋੜੀਏ ਜੀ !
ਕਾਂਣੀ ਵੰਡ ਸਰਦਾਰ ਦਾ ਕੰਮ ਨਾਹੀਂ
ਬਣ ਮਲਾਹ ਨ ਬੇੜੇ ਨੂੰ ਬੋੜੀਏ ਜੀ !

ਜ਼ਮੀਨ ਬੋਲੀ :–

ਪਾ ਨਾ ਤੋਤਿਆ ! ਰੌਲਾ ਤੇ ਸ਼ੋਰ ਏਥੇ
ਧੌਣ ਸਿੱਟ ਤੇ ਧਰਾ ਸਮਾ ਵੀਰਾ !
ਏਸ ਆਦਮੀ ਤੋਂ ਆਸ ਰੱਖ ਨਾਹੀਂ
ਕਰੂ ਪਜਾਰ ਤੇ ਹੁੱਬ ਵਰਤਾ ਵੀਰਾ !
ਧਰਤੀ ਇਕ ਨੂੰ ਜਿਨੇਂ ਚਾ ਵੰਡਿਆ ਏ !
ਦੇਸ਼ ਦੇਸ਼ ਦੀ ਵੰਡ ਵੰਡਾ ਵੀਰਾ !
ਫੇਰ ਦੇਸ਼ ਦੇ ਵਿਚ ਇਲਾਕਿਆਂ ਦੀ
ਫੇਰ ਪਿੰਡ ਤੇ ਹਜੂ ਜੁਦਾ ਵੀਰਾ !
ਚੱਪੇ ਚੱਪ ਤੇ ਜਿਨੇ ਹਨ ਚੀਰ ਲਾਏ
ਵੀਰ ਵੀਰ ਤੋਂ ਵੱਖ ਵਖਾ ਵੀਰਾ !
ਹੰਨੇ ਹੰਨੇ ਤੇ ਬੰਨੇ ਹਨ ਜਿਨ੍ਹੇਂ ਲਾਏ,
'ਮੈਂ' ਤੇ 'ਮੇਰੀ' ਦੀ ਟੱਕ ਲਗਾ ਵੀਰਾ !

ਲੜਦੇ ਮਾਰਦੇ ਮਰਨ ਏ ਆਪ ਵਿੱਚੀਂ
ਲਹੂ ਵੀਟਦੇ ਵੀਰ ਵਿਰਾ ਵੀਰਾ !

ਲਹੂ ਤੁੱਧ ਦਾ ਵੀਰਨਾ ਡਿੱਗ ਰਹਿਆ
ਆਸਫ਼ ਤੁੱਧ ਦੀ ਗਈ ਬਿਲਾ ਵੀਰਾ !

ਤੇਰੇ ਜਿਹੇ ਮਜ਼ਲੂਮ ਅਨੰਤ ਮੋਏ,
ਮੇਰੇ ਜਿਗਰ ਵਿਚ ਕਬਰ ਅਮਾ ਵੀਰਾ !

ਥੱਕ ਲੱਥੀ ਹਾਂ ਦੁਖੀਆਂ ਨੂੰ ਦੱਬਦੀ ਮੈਂ
ਖ਼ੂਨ ਦੁਖੀਆਂ ਦਾ ਸਦਾ ਲੁਕਾ ਵੀਰਾ !

ਹਾਂ ਤੋਤਿਆ ! ਅਰਸ਼ ਖਲੋਤਿਆ ਵੇ !
ਸਾਵੇ ਸੁਹਣਿਆ ਰੰਗ ਰੰਗਾ ਵੀਰਾ !

ਚੁਹਚੇ ਰੰਗ ਤੇ ਤੋਤਲੇ ਬੈਨ ਤੇਰੇ
ਤੈਨੂੰ ਆਦਮੀ ਨੇ ਲੀਤਾ ਖਾ ਵੀਰਾ !

ਭੌਰ ਛੱਡ ਕੇ ਗਿਆ ਹੈ ਪਿੰਜਰਾ ਤੈਂ
ਜਿਹੜਾ ਬੋਲਦਾ ਸੈਂ ਧਰ ਚਾ ਵੀਰਾ !

ਧਰਤੀ ਏਸ ਤੇ ਜ਼ੋਰ ਜਰਵਾਣਿਆਂ ਦਾ
ਕਾਹਦਾ ਹੱਕ ਤੇ ਕਾਹਦਾ ਹੈ ਨਿਆਂ ਵੀਰਾ !

ਕੌਣ ਸਜਾਣਦਾ ਹੈ ਮੇਰੇ ਖੇੜਿਆਂ ਨੂੰ
ਕਿਸਨੂੰ ਚੜ੍ਹਦਾ ਹੈ ਵੇਖ ਕੇ ਚਾ ਵੀਰਾ !

ਏਸ ਚਾਉ ਤੇ ਪਜਾਰ ਦੇ ਖੰਭ-ਲਾਕੇ
ਉਡਦਾ ਕੌਣ ਹੈ ਅਰਸ਼ਾਂ ਵਿਚ ਜਾ ਵੀਰਾ !

---

# ੮. ਗੁਦਾਵਰੀ ਗੀਤ


www.sikhbookclub.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸ੍ਰੀ ਕਲਗੀਧਰ ਜੀ ਦੇ ਗੁਦਾਵਰੀ ਵਿਚ ਚਰਨ ਕਮਲ*

ਗੁਦਾਵਰੀ ਵਿਚ ਜਦ ਜੀਅ-ਦਾਨ ਦਾਤੇ ਨੇ ਆਪਣੇ
ਚਰਨ ਕਮਲ ਧਰੇ ਤਦ ਮਾਨੋਂ ਗੁਦਾਵਰੀ ਸੰਗੀਤ
ਰੂਪ ਹੋ ਨਾਦ ਕਰਦੀ ਹੈ :-

ਰਾਗ ਮਾਲਕੌਂਸ ਤਾਰ ੩

ਟੇਕ-ਨੀ ਮੈਂ ਚਰਨ ਪਰਸ ਬਉਰਾਨੀ !

ਥਰਰ ਥਰਰ ਕੁਈ ਛਿੜੀ ਖਿਰਨ ਹੈ
ਲਰਜ਼ ਗਏ ਮੇਰੇ ਪਾਨੀ !

ਝਰਨ ਝਰਣ ਰਸਭਿੰਨੜੀ ਛੁਟ ਪਈ
ਕੰਬ ਉਠੀ ਜਿਉਂ ਕਾਨੀ !

ਚਮਕ ਚਮਕ ਲਹਿਰਾਂ ਵਿਚਲਿਸ਼ਕੀ
ਬਿਜਲੀ ਜਿਉਂ ਥਰਰਾਨੀ !

---

*ਇਹ ਕਵਿਤਾ ੧੯੨੨ ਵਿਚ ਪਹਿਲੀ ਵੇਰ ਗੁਰਪੁਰਬ ਸਪਤਮੀ ਪਰ ਖਾਲਸਾ ਸਮਾਚਾਰ ਦੇ ਪਰਚੇ ਵਿਚ ਛਪੀ ਸੀ, ਜਿਸ ਦਾ ਉਲਥਾ ਪ੍ਰੋਫੈਸਰ ਪੂਰਨ ਸਿੰਘ ਜੀ ਨੇ ਅੰਗਰੇਜ਼ੀ ਵਿਚ ਕੀਤਾ ਸੀ। ਉਨ੍ਹਾਂ ਦੀ ਇੱਛਾ ਪਰ ਅੰਗਰੇਜ਼ੀ ਦਾ ਉਲਥਾ ਨਾਲ ਛਾਪਿਆ ਗਿਆ ਹੈ।

ਮਸਤ ਅਲੱਸਤੀ ਝੂਮਣ ਝੂੰਮੀ
ਪ੍ਰੇਮ ਲਟਕ ਲਟਕਾਨੀ !

ਜੋਗੀ ਜਤੀ ਤਪੀ ਸਿਧ ਪਰਸੇ
ਪਰਸਿ ਪਰਸਿ ਪਛੁਤਾਨੀ !

ਪਰਸ ਚਰਨ ਨਿਤ ਖੁਸ਼ਕ ਰਹੀ ਮੈਂ
ਰਸ ਬਿਨ ਉਮਰ ਬਿਹਾਨੀ !

ਕਉਣ ਸਖੀ ਅਜ ਛੁਹ ਗਿਆ ਸਾਨੂੰ
ਜੀਅ-ਦਾਨ ਦਾ ਦਾਨੀ !

ਨੀਵਿਆਂ ਤੋਂ ਨੀਵੀਂ ਮੈਂ ਵਗਦੀ
ਬਣੀ ਅਰਸ਼ ਦੀ ਰਾਨੀ,

ਕਿਸ ਨੇ ਪਜਾਰ-ਅਣੀ ਆ ਚੋਭੀ
ਪ੍ਰੀਤਿ ਤਾਰ ਸ਼ਿੰਚਾਨੀ ?

॥ ਇਤੀ ॥

# The song of the Godavri*

(The river Godavri feels a glorious joy as Guru Gobind Singh, from the Punjab, wets His feet in her waters, and the river bursts into the following ecstatic song)

The thrill of life, the lotus—touch of His feet, has made me sweetly insane
with joy.

The sacred moon has drawn to
me the trembling tides of song.

In every wave of mine throb the
rhythm of the celestial song.

And I tremble as a little reed shaken
by the wind.

It has kindled suddenly every ripple of
mine with the glow of life.

---

★The Godavri like the Ganges, is a sacred river, where hundreds and thousands of the Hindu saints, adepts and yogis go on pilgrimage.

And in my myriad waves I quiver for ever, restless in love, like the lightning of the sky.

It has lifted me off. my feet and I fleat in sweetest confusion of love.

I rise out of myself, every drop trembling in this universe of song.

I melt into million ripples at His feet.

———

ਇਕ ਗੱਲ ਹੋਰ ਵੇਖਣ ਵਾਲੀ ਹੈ ਕਿ ਇਸ ਅਰਸੇ ਵਿਚ ਸੁੰਦਰੀ ੨੦ਵਾਰ ਛਪ ਚੁਕੀ ਹੈ ਤੇ ਲੱਗ ਪੱਗ ੮੦ ਹਜ਼ਾਰ ਕਾਪੀ ਇਸ ਦੀ ਨਿਕਲ ਚੁਕੀ ਹੈ।

ਇਸ ਨਿੱਕੀ ਜਿਹੀ ਪੋਥੀ ਨੇ ਕੌਮੀ ਜੀਵਨ ਦਾ ਪਿਆਰ, ਸਿੱਖੀ ਦਾ ਚਾਉ ਤੇ ਧਰਮ ਭਾਵ ਕੌਮ ਵਿਚ ਬਹੁਤ ਪੈਦਾ ਕੀਤਾ ਤੇ ਪੰਥ ਦੀ ਜਾਗ੍ਰਤੀ ਵਿਚ ਇਸ ਦਾ ਬਹੁਤ ਸਾਰਾ ਹਿਸਾ ਹੈ। ਥੋੜੇ ਸਮੇਂ ਵਿਚ ਹੀ ਤਕਰੀਬਨ ਸਾਰੇ ਸਿੱਖ ਆਸ਼੍ਰਮਾਂ ਵਿਚ ਪੜ੍ਹਾਈ ਜਾਣ ਲੱਗ ਪਈ ਤੇ ਇਮਤਿਹਾਨ ਦਾ ਕੋਰਸ ਬਣ ਗਈ। ਦੂਜੇ ਪਾਸੇ ਓਸ ਸਮੇਂ ਦੇ ਕੁਝ ਖਾਸ ਕਰ ਤੇ ਹੁਣ ਵੀ ਬਹੁਤ ਸਾਰੇ ਉਪਦੇਸ਼ਕ ਤੇ ਪ੍ਰਚਾਰਕ 'ਸੰਦਰੀ' ਵਿਚੋਂ ਪੜ੍ਹੇ ਸਮਾਚਾਰ ਸੁਣਾਉਂਦੇ ਹੁੰਦੇ ਸਨ ਤੇ ਹਨ। ਐਉਂ ਇਸ ਨਿੱਕੀ ਜਿਹੀ ਪੋਥੀ ਨੇ, ਕੀ ਪੜ੍ਹੇ ਹੋਏ ਤੇ ਕੀ ਅਨਪੜ੍ਹ ਅਨੰਤ ਸਿੱਖਾਂ ਵਿਚ ਧਰਮ ਦੀ ਰੌ ਚਲਾਈ ਸੀ।

ਜੂਨ ੧੯੩੩

ਮਾਨ ਸਿੰਘ ਬੀ. ਏ. ਐਲ. ਐਲ. ਬੀ.,
*ਐਡਵੋਕਟ, ਹਾਈ ਕੋਰਟ, ਲਾਹੌਰ।*


www.sikhbookclub.com